18-APRIL-PAGE-1.qxd 4/17/2023 10:31 PM Page 1

ਮੰਗਲਵਾਰ, 18 ਅਪ੍ਰੈਲ, 2023
5 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 317

ਨਵਾਂ ਜ਼ਮਾਨਾ

DAILY NAWAN ZAMANA • TUESDAY, 18 APRIL, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਭਾਸ਼ਣ ਹੁੰਦੇ ਰਹੇ, ਸਰੋਤੇ ਭੁੜਕਦੇ ਰਹੇ

ਮੁੰਬਈ : ਮਹਾਰਾਸ਼ਟਰ ਦੇ ਨਵੀਂ ਮੁੰਬਈ ਇਲਾਕੇ 'ਚ ਐਤਵਾਰ ਮਹਾਰਾਸ਼ਟਰ ਭੂਸ਼ਣ ਪੁਰਸਕਾਰ ਵੰਡ ਸਮਾਗਮ ਦੌਰਾਨ ਭਿਆਨਕ ਗਰਮੀ ਨਾਲ 11 ਲੋਕਾਂ ਦੀ ਮੌਤ ਹੋ ਗਈ ਤੇ 24 ਹਸਪਤਾਲ 'ਚ ਹਨ। ਮਰਨ ਵਾਲਿਆਂ 'ਚ ਬਹੁਤ ਬਜ਼ੁਰਗ ਸਨ ਤੇ ਇਨ੍ਹਾਂ ਵਿਚ 8 ਔਰਤਾਂ ਸਨ। ਨਵੀਂ ਮੁੰਬਈ ਦੇ ਖਾਰਘਰ ਦੇ ਡੇਢ ਸੌ ਏਕੜ ਦੇ ਵੱਡੇ ਮੈਦਾਨ 'ਚ ਸਵੇਰੇ ਸਾਢੇ 11 ਵਜੇ ਤੋਂ ਇਕ ਵਜੇ ਤੱਕ ਸਮਾਗਮ ਚੱਲਿਆ ਸੀ। ਇਸ਼ ਦੌਰਾਨ ਤਾਪਮਾਨ 38 ਡਿਗਰੀ ਸੀ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਮਾਜ ਸੇਵੀ ਦੱਤਾਤ੍ਰੇਯ ਨਾਰਾਇਣ ਨੂੰ ਪੁਰਸਕਾਰ ਦਿੱਤਾ। ਸਮਾਗਮ 'ਚ 7 ਲੱਖ ਲੋਕ ਸਨ। ਸਾਰੇ ਦੇਖ ਤੇ ਸੁਣ ਸਕਣ, ਇਸ ਲਈ ਆਡੀਓ ਤੇ ਵੀਡੀਓ ਫੈਸੀਲਿਟੀ ਦਾ ਪ੍ਰਬੰਧ ਕੀਤਾ ਗਿਆ ਸੀ, ਪਰ ਲੋਕਾਂ ਦੇ ਸਿਰ 'ਤੇ ਸ਼ੈੱਡ ਨਹੀਂ ਸੀ। ਧੁੱਪ ਤੇ ਗਰਮੀ ਕਾਰਨ ਕਈ ਲੋਕਾਂ ਦੀ ਤਬੀਅਤ ਵਿਗੜ ਗਈ। ਉਂਜ ਸਮਾਗਮ ਸਵੇਰੇ ਸਾਢੇ 10 ਵਜੇ ਖਤਮ ਹੋਣਾ ਸੀ, ਪਰ ਸ਼ਾਹ ਲੇਟ ਪੁੱਜੇ। ਸਰਕਾਰ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ ਪੰਜ-ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਨੇ ਕਿਹਾ ਕਿ ਸਮਾਗਮ ਠੀਕ ਢੰਗ ਨਾਲ ਪਲਾਨ ਨਹੀਂ ਕੀਤਾ ਗਿਆ, ਇਸ ਦੀ ਜਾਂਚ ਕੌਣ ਕਰਵਾਏਗਾ? ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਆਗੂ ਅਜੀਤ ਪਵਾਰ ਨੇ ਕਿਹਾ ਕਿ ਸਮਾਗਮ ਸ਼ਾਮ ਨੂੰ ਕੀਤਾ ਜਾ ਸਕਦਾ ਸੀ ਤੇ ਸ਼ਾਹ ਹੈਲੀਕਾਪਟਰ ਨਾਲ ਪੁੱਜ ਸਕਦੇ ਸਨ।

ਫੌਜੀ ਨੇ ਹੀ ਮਾਰੇ ਸੀ 4 ਫੌਜੀ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਪੁਲਸ ਨੇ ਇਥੇ ਫੌਜੀ ਛਾਉਣੀ 'ਚ 4 ਫੌਜੀਆਂ ਦੀ ਹੱਤਿਆ ਦੇ ਮਾਮਲੇ 'ਚ ਰੰਗਰ ਦੇਸਾਈ ਮੋਹਨ ਨੂੰ ਗ੍ਰਿਫ਼ਤਾਰ ਕੀਤਾ ਹੈ। ਬੀਤੇ ਐਤਵਾਰ ਫੌਜ ਨੇ 4 ਜਵਾਨਾਂ ਤੋਂ ਪੁੱਛ-ਪੜਤਾਲ ਕੀਤੀ ਸੀ। ਦੇਸਾਈ ਮੋਹਨ ਹੀ ਵਾਰਦਾਤ ਦੇ ਮੁੱਖ ਗਵਾਹ ਵਜੋਂ ਸਾਹਮਣੇ ਆਇਆ ਸੀ, ਜਿਸ ਨੇ ਦੱਸਿਆ ਸੀ ਕਿ ਉਸ ਨੇ ਦੋ ਮਸ਼ਕੂਕ ਬੰਦੂਕਧਾਰੀਆਂ ਨੂੰ ਜੰਗਲ ਵੱਲ ਭੱਜਦੇ ਵੇਖਿਆ। ਪੁਲਸ ਵੱਲੋਂ ਸਖਤੀ ਨਾਲ ਪੁੱਛ-ਪੜਤਾਲ ਕਰਨ 'ਤੇ ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਕਿ ਉਸ ਨੇ ਹੀ ਸੁੱਤੇ 4 ਫੌਜੀਆਂ ਦਾ ਕਤਲ ਕੀਤਾ ਸੀ। ਪੁਲਸ ਅਫਸਰਾਂ ਨੇ ਆਰਮੀ ਦੇ ਅਫਸਰਾਂ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਕਰਕੇ ਕਤਲ ਕਾਂਡ ਨੂੰ ਨਿੱਜੀ ਰੰਜਿਸ਼ ਦਾ ਮਾਮਲਾ ਦੱਸਿਆ, ਜਦੋਂ ਕਿ ਸੂਤਰ ਇਸ ਨੂੰ ਬਦਫੈਲੀ ਦਾ ਸਿੱਟਾ ਦੱਸ ਰਹੇ ਹਨ। ਦੇਸਾਈ ਚੌਹਾਂ ਸਾਥੀਆਂ ਵੱਲੋਂ ਉਸ ਦੇ ਜਿਨਸੀ ਸ਼ੋਸ਼ਣ ਤੋਂ ਦੁਖੀ ਸੀ। ਉਸ ਨੇ ਬੜੇ ਯੋਜਨਾਬੱਧ ਢੰਗ ਨਾਲ ਪਹਿਲਾਂ ਇਨਸਾਸ ਰਾਈਫਲ ਚੋਰੀ ਕੀਤੀ। ਦੇਸਾਈ ਮੋਹਨ ਨੇ ਪੁਲਸ ਨੂੰ ਦੱਸਿਆ ਸੀ ਕਿ ਹੱਤਿਆਰੇ ਦੋ ਸਨ, ਜਿਨ੍ਹਾਂ ਨੇ ਚਿੱਟੇ ਕੁੜਤੇ-ਪਜਾਮੇ ਪਾਏ ਹੋਏ ਸਨ। ਉਨ੍ਹਾਂ ਵਿਚੋਂ ਇੱਕ ਦੇ ਹੱਥ 'ਚ ਇਨਸਾਸ ਰਾਈਫਲ ਅਤੇ ਦੂਸਰੇ ਕੋਲ ਕੁਹਾੜੀ ਸੀ ਅਤੇ ਉਹ ਕਤਲ ਕਰਨ ਤੋਂ ਬਾਅਦ ਜੰਗਲ ਵੱਲ ਦੌੜ ਗਏ। ਦਿਲਚਸਪ ਪਹਿਲੂ ਇਹ ਹੈ ਕਿ ਪੋਸਟਮਾਰਟਮ ਰਿਪੋਰਟ 'ਚ ਕੁਹਾੜੀ ਦਾ ਕੋਈ ਵਾਰ ਸਾਹਮਣੇ ਨਹੀਂ ਆਇਆ। ਪੁਲਸ ਨੂੰ ਸ਼ੁਰੂਆਤੀ ਦੌਰ 'ਚ ਹੀ ਉਸ ਦੇ ਬਿਆਨਾਂ 'ਤੇ ਸ਼ੱਕ ਪਿਆ ਸੀ, ਪਰ ਮਾਮਲਾ ਭਾਰਤੀ ਫੌਜ ਨਾਲ ਜੁੜਿਆ ਹੋਣ ਕਰਕੇ ਜਾਂਚ ਅਧਿਕਾਰੀ ਹਰ ਕਦਮ ਫੂਕ-ਫੂਕ ਕੇ ਰੱਖ ਰਹੇ ਸਨ। ਪੜਤਾਲ ਦੌਰਾਨ ਦੇਸਾਈ ਮੋਹਨ ਵਾਰ-ਵਾਰ ਬਿਆਨ ਬਦਲ ਰਿਹਾ ਸੀ, ਜਿਸ ਨੂੰ ਦੇਖਦਿਆਂ ਸ਼ੱਕ ਹੋਰ ਡੂੰਘਾ ਹੋ ਗਿਆ ਅਤੇ ਆਖਰਕਾਰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਮਾਨ ਵੱਲੋਂ ਰਾਜਜੀਤ ਡਿਸਮਿਸ

ਵਿਜੀਲੈਂਸ ਨੂੰ ਸੰਪਤੀ ਦੀ ਜਾਂਚ ਕਰਨ ਦੇ ਹੁਕਮ

ਚੰਡੀਗੜ੍ਹ : ਭਗਵੰਤ ਮਾਨ ਸਰਕਾਰ ਨੇ ਪੀ ਪੀ ਐੱਸ ਅਫ਼ਸਰ ਰਾਜਜੀਤ ਸਿੰਘ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਮੁੱਖ ਮੰਤਰੀ ਮਾਨ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਨਸ਼ਾ ਤਸਕਰੀ 'ਚ ਸ਼ਾਮਲ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਸੀਲਬੰਦ ਲਿਫਾਫਿਆਂ ਦੀਆਂ ਰਿਪੋਰਟਾਂ ਨੂੰ ਘੋਖਣ ਤੋਂ ਬਾਅਦ ਰਾਜਜੀਤ ਸਿੰਘ ਨੂੰ ਡਰੱਗ ਤਸਕਰੀ ਕੇਸ 'ਚ ਨਾਮਜ਼ਦ ਕਰਕੇ ਤੁਰੰਤ ਨੌਕਰੀ ਤੋਂ ਬਰਖਾਸਤ ਕੀਤਾ ਜਾਂਦਾ ਹੈ।

ਵਿਜੀਲੈਂਸ ਨੂੰ ਚਿੱਟੇ ਦੀ ਤਸਕਰੀ ਨਾਲ ਕਮਾਈ ਹੋਈ ਸੰਪਤੀ ਦੀ ਜਾਂਚ ਕਰਨ ਲਈ ਵੀ ਕਿਹਾ ਗਿਆ ਹੈ।

ਏ ਆਈ ਜੀ ਰਾਜਜੀਤ ਸਿੰਘ ਹੁੰਦਲ ਡਰੱਗ ਮਾਮਲੇ 'ਚ ਬਰਖਾਸਤ ਹੋਣ ਵਾਲੇ ਪਹਿਲੇ ਅਫਸਰ ਹਨ। ਉਨ੍ਹਾ ਵਿਰੁੱਧ ਕਾਰਵਾਈ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਨਾਲ ਕਥਿਤ ਸੰਬੰਧਾਂ ਕਰਕੇ ਕੀਤੀ ਦੱਸੀ ਜਾਂਦੀ ਹੈ। ਸਿੱਟ ਦੀਆਂ ਰਿਪੋਰਟਾਂ 'ਚ ਖੁਲਾਸਾ ਕੀਤਾ ਗਿਆ ਸੀ ਕਿ ਇੰਦਰਜੀਤ ਨੇ ਡਰੱਗ ਦੇ ਕੇਸ ਵਿਚ ਫਸਾ ਕੇ ਬੇਗੁਨਾਹਾਂ ਤੋਂ ਪੈਸੇ ਲਏ ਤੇ ਜਾਂਚ 'ਚ ਖਾਮੀਆਂ ਰੱਖ ਕੇ ਤਸਕਰਾਂ ਤੋਂ ਵੀ ਕਮਾਈ ਕੀਤੀ। ਇੰਦਰਜੀਤ ਸਿੰਘ ਨੂੰ ਏ ਡੀ ਜੀ ਪੀ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਵਾਲੀ ਸਪੈਸ਼ਲ ਟਾਸਕ ਫੋਰਸ ਨੇ 2018 ਵਿਚ ਗ੍ਰਿਫ਼ਤਾਰ ਕੀਤਾ ਸੀ, ਪਰ ਰਾਜਜੀਤ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।

ਅਰੁਣ ਗੋਇਲ ਵਿਰੁੱਧ ਪਟੀਸ਼ਨ ਦੀ ਸੁਣਵਾਈ ਤੋਂ ਬੈਂਚ ਪਾਸੇ ਹਟੀ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਜਸਟਿਸ ਕੇ ਐੱਮ ਜੋਸੇਫ ਦੀ ਅਗਵਾਈ ਹੇਠਲੀ ਬੈਂਚ ਨੇ ਅਰੁਣ ਗੋਇਲ ਦੀ ਚੋਣ ਕਮਿਸ਼ਨਰ ਵਜੋਂ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਤੋਂ ਸੋਮਵਾਰ ਆਪਣੇ ਆਪ ਨੂੰ ਵੱਖ ਕਰ ਲਿਆ। ਸੁਣਵਾਈ ਤੋਂ ਪਿੱਛੇ ਹਟਣ ਤੋਂ ਪਹਿਲਾਂ ਬੈਂਚ ਨੇ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਐੱਨ ਜੀ ਓ ਤੋਂ ਪੁੱਛਿਆ ਕਿ ਨਿਯੁਕਤੀ 'ਚ ਕਿਹੜੇ ਨਿਯਮਾਂ ਦੀ ਉਲੰਘਣਾ ਹੋਈ ਹੈ।

ਏਸ਼ੀਅਨ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ ਚੇਨਈ 'ਚ

ਚੇਨਈ : ਏਸ਼ੀਅਨ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ ਇੱਥੇ 3 ਤੋਂ 12 ਅਗਸਤ ਤੱਕ ਹੋਵੇਗਾ। ਭਾਰਤ ਪਹਿਲੀ ਵਾਰ ਇਸ ਟੂਰਨਾਮੈਂਟ ਦੀ ਮੇਜ਼ਬਾਨੀ ਕਰ ਰਿਹਾ ਹੈ। ਭਾਰਤ ਤੋਂ ਇਲਾਵਾ ਦੱਖਣੀ ਕੋਰੀਆ, ਮਲੇਸ਼ੀਆ, ਪਾਕਿਸਤਾਨ, ਜਾਪਾਨ ਅਤੇ ਚੀਨ ਟੂਰਨਾਮੈਂਟ 'ਚ ਹਿੱਸਾ ਲੈਣਗੇ। ਪਾਕਿਸਤਾਨ ਨੇ ਹਾਲੇ ਹਿੱਸਾ ਲੈਣ ਦੀ ਪੁਸ਼ਟੀ ਨਹੀਂ ਕੀਤੀ।

ਐੱਨ ਆਈ ਏ ਬਿਸ਼ਨੋਈ ਨੂੰ ਦਿੱਲੀ ਲੈ ਗਈ

ਨਵੀਂ ਦਿੱਲੀ : ਕੌਮੀ ਜਾਂਚ ਏਜੰਸੀ (ਐੱਨ ਆਈ ਏ) ਪਿਛਲੇ ਸਾਲ ਦਰਜ ਹੋਏ ਮਾਮਲੇ 'ਚ ਪੁੱਛ-ਪੜਤਾਲ ਲਈ ਸੋਮਵਾਰ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਬਠਿੰਡਾ ਜੇਲ੍ਹ ਤੋਂ ਦਿੱਲੀ ਲੈ ਕੇ ਆਈ। ਪਹਿਲੀ ਅਪਰੈਲ ਨੂੰ ਮੁੰਬਈ ਪੁਲਸ ਨੇ ਰਾਜ ਸਭਾ ਮੈਂਬਰ ਸੰਜੇ ਰਾਉਤ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਮਾਮਲੇ 'ਚ ਉਸ ਖਿਲਾਫ ਮਾਮਲਾ ਦਰਜ ਕੀਤਾ ਸੀ।

ਮੁਨਸ਼ੀ ਦੀ ਗੋਲੀ ਨਾਲ ਮੌਤ

ਮਲੋਟ : ਥਾਣਾ ਲੱਖੇਵਾਲੀ 'ਚ ਮੁਨਸ਼ੀ ਤੀਰਥ ਸਿੰਘ ਦੀ ਸਰਕਾਰੀ ਅਸਲਾ ਸਾਫ ਕਰਦਿਆਂ ਅਚਾਨਕ ਗੋਲੀ ਚੱਲਣ ਕਰਕੇ ਮੌਤ ਹੋ ਗਈ। ਡੀ ਐੱਸ ਪੀ ਮਲੋਟ ਬਲਕਾਰ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਵਾਰਸਾਂ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਕੇ ਲਾਸ਼ ਪਰਵਾਰ ਹਵਾਲੇ ਕਰ ਦਿੱਤੀ ਗਈ।

ਅਮਰਨਾਥ ਯਾਤਰਾ ਲਈ ਰਜਿਸਟ੍ਰੇਸ਼ਨ ਸ਼ੁਰੂ

ਅਨੰਤਨਾਗ : 62 ਦਿਨਾ ਲੰਮੀ ਸ੍ਰੀ ਅਮਰਨਾਥ ਯਾਤਰਾ ਲਈ ਰਜਿਸਟ੍ਰੇਸ਼ਨ ਸੋਮਵਾਰ ਤੋਂ ਸ਼ੁਰੂ ਹੋ ਗਈ। ਯਾਤਰਾ 1 ਜੁਲਾਈ ਨੂੰ ਸ਼ੁਰੂ ਹੋ ਕੇ 31 ਅਗਸਤ ਨੂੰ ਸਮਾਪਤ ਹੋਵੇਗੀ। ਰਜਿਸਟ੍ਰੇਸ਼ਨ ਆਨਲਾਈਨ ਅਤੇ ਆਫਲਾਈਨ ਹੋ ਰਹੀ ਹੈ। ਪੰਜਾਬ ਨੈਸ਼ਨਲ ਬੈਂਕ ਦੀਆਂ 316 ਸ਼ਾਖਾਵਾਂ, ਜੰਮੂ-ਕਸ਼ਮੀਰ ਬੈਂਕ ਦੀਆਂ 90 ਸ਼ਾਖਾਵਾਂ, ਯੈੱਸ ਬੈਂਕ ਦੀਆਂ 37 ਸ਼ਾਖਾਵਾਂ ਅਤੇ ਐੱਸ ਬੀ ਆਈ ਬੈਂਕ ਦੀਆਂ 99 ਸ਼ਾਖਾਵਾਂ ਸਮੇਤ ਦੇਸ਼ ਭਰ ਦੀਆਂ 542 ਬੈਂਕ ਸ਼ਾਖਾਵਾਂ 'ਚ ਆਫਲਾਈਨ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। 13 ਤੋਂ 70 ਸਾਲ ਦੀ ਉਮਰ ਦੇ ਵਿਅਕਤੀ ਯਾਤਰਾ ਲਈ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ ਅਤੇ ਸਿਹਤ ਸਰਟੀਫਿਕੇਟ ਲਾਜ਼ਮੀ ਹੈ। 6 ਹਫਤੇ ਜਾਂ ਇਸ ਤੋਂ ਵੱਧ ਦੀ ਗਰਭ ਅਵਸਥਾ ਵਾਲੀਆਂ ਔਰਤਾਂ ਨੂੰ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੈ।

ਭਾਜਪਾ ਦਾ ਸਾਬਕਾ ਮੁੱਖ ਮੰਤਰੀ ਕਾਂਗਰਸ 'ਚ

ਬੇਂਗਲੂਰੂ : ਕਰਨਾਟਕ ਵਿੱਚ 10 ਮਈ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਵੱਲੋਂ ਟਿਕਟ ਨਾ ਦਿੱਤੇ ਜਾਣ ਤੋਂ ਦੁਖੀ ਸਾਬਕਾ ਮੁੱਖ ਮੰਤਰੀ ਜਗਦੀਸ਼ ਸ਼ੈਟਰ ਸੋਮਵਾਰ ਕਾਂਗਰਸ 'ਚ ਸ਼ਾਮਲ ਹੋ ਗਏ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਜਨਰਲ ਸਕੱਤਰ ਕੇ ਸੀ ਵੇਣੂਗੋਪਾਲ, ਰਣਦੀਪ ਸਿੰਘ ਸੂਰਜੇਵਾਲਾ (ਕਰਨਾਟਕ ਇੰਚਾਰਜ), ਪ੍ਰਦੇਸ਼ ਕਾਂਗਰਸ ਪ੍ਰਧਾਨ ਡੀ ਕੇ ਸ਼ਿਵ ਕੁਮਾਰ ਅਤੇ ਸਾਬਕਾ ਮੁੱਖ ਮੰਤਰੀ ਸਿੱਧਾਰਮਈਆ ਸਮੇਤ ਹੋਰ ਆਗੂ ਇਸ ਸਮੇਂ ਮੌਜੂਦ ਸਨ।

ਕੋਰੋਨਾ ਦੇ 9111 ਨਵੇਂ ਕੇਸ

ਨਵੀਂ ਦਿੱਲੀ : 24 ਘੰਟਿਆਂ ਵਿਚ ਕੋਰੋਨਾ ਦੇ 9,111 ਨਵੇਂ ਮਾਮਲਿਆਂ ਦੇ ਆਉਣ ਤੋਂ ਬਾਅਦ ਦੇਸ਼ ਵਿਚ ਹੁਣ ਤੱਕ ਕੋਵਿਡ ਮਰੀਜ਼ਾਂ ਗਿਣਤੀ 4,48,27,226 ਹੋ ਗਈ ਹੈ। ਇਸ ਦੇ ਨਾਲ ਹੀ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਵਧ ਕੇ 60,313 ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਸੋਮਵਾਰ ਸਵੇਰੇ 8 ਵਜੇ ਜਾਰੀ ਅੰਕੜਿਆਂ ਅਨੁਸਾਰ ਗੁਜਰਾਤ 'ਚ ਛੇ, ਯੂ ਪੀ 'ਚ ਚਾਰ, ਦਿੱਲੀ ਅਤੇ ਰਾਜਸਥਾਨ 'ਚ ਤਿੰਨ-ਤਿੰਨ, ਮਹਾਰਾਸ਼ਟਰ ਅਤੇ ਬਿਹਾਰ 'ਚ ਦੋ, ਛੱਤੀਸਗੜ੍ਹ, ਹਿਮਾਚਲ, ਝਾਰਖੰਡ, ਕੇਰਲਾ ਅਤੇ ਤਾਮਿਲਨਾਡੂ 'ਚ ਇੱਕ-ਇੱਕ ਮਰੀਜ਼ ਦੀ ਮੌਤ ਕਾਰਨ ਮਰਨ ਵਾਲਿਆਂ ਦੀ ਗਿਣਤੀ 5,31,141 ਹੋ ਗਈ ਹੈ।

ਸੜਕ ਦੀ ਮੁਰੰਮਤ ਨਾ ਕਰਾਉਣ 'ਤੇ ਟੋਲ ਪਲਾਜ਼ੇ ਨੂੰ ਕੀਤਾ ਪਰਚੀ ਫਰੀ

ਭਵਾਨੀਗੜ੍ਹ : ਵਿਧਾਇਕ ਨਰਿੰਦਰ ਕੌਰ ਭਰਾਜ ਨੇ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇਅ 'ਤੇ ਟੋਲ ਪਲਾਜ਼ਾ ਕਾਲਾਝਾੜ ਨੂੰ ਲੋਕਾਂ ਨੂੰ ਜ਼ਰੂਰੀ ਸਹੂਲਤਾਂ ਕਥਿਤ ਤੌਰ 'ਤੇ ਮੁਹੱਈਆ ਨਾ ਕਰਾਉਣ ਦੇ ਰੋਸ ਵਜੋਂ ਸੋਮਵਾਰ ਇਕ ਦਿਨ ਲਈ ਪਰਚੀ ਮੁਕਤ ਕੀਤਾ।

ਉਨ੍ਹਾ ਟੋਲ ਪਲਾਜ਼ਾ ਮੈਂਟੀਨੈਂਸ ਅਥਾਰਟੀ ਨੂੰ ਸਾਰੀਆਂ ਸਹੂਲਤਾਂ 20 ਦਿਨਾਂ ਅੰਦਰ ਲਾਗੂ ਕਰਨ ਦਾ ਅਲਟੀਮੇਟਮ ਦਿੱਤਾ ਹੈ। ਭਰਾਜ ਨੇ ਟੋਲ ਪਲਾਜ਼ਾ ਕਾਲਾਝਾੜ ਵਿਖੇ ਇਲਾਕੇ ਦੇ ਲੋਕਾਂ ਨੂੰ ਕਿਹਾ ਕਿ ਉਨ੍ਹਾ ਵੱਲੋਂ ਟੋਲ ਪਲਾਜ਼ਾ ਕਾਲਾਝਾੜ ਦੇ ਦੌਰੇ ਦੌਰਾਨ ਪ੍ਰਬੰਧਕਾਂ ਨੂੰ ਅਲਟੀਮੇਟਮ ਦਿੱਤਾ ਸੀ ਕਿ ਜੇ 15 ਅਪਰੈਲ ਤੱਕ ਮੁੱਖ ਮਾਰਗ ਦੀ ਮੁਰੰਮਤ ਕਰਨ, ਲਾਈਟਾਂ ਅਤੇ ਸੜਕ ਹਾਦਸੇ ਦੌਰਾਨ ਜ਼ਖਮੀਆਂ ਨੂੰ ਮੁਢਲੀ ਸਹਾਇਤਾ ਦੇਣ ਆਦਿ ਵਰਗੀਆਂ ਜ਼ਰੂਰੀ ਸਹੂਲਤਾਂ ਲੋਕਾਂ ਨੂੰ ਨਾ ਦਿੱਤੀਆਂ ਗਈਆਂ ਤਾਂ ਉਹ ਟੋਲ ਪਲਾਜ਼ਾ ਕਾਲਾਝਾੜ ਨੂੰ ਪਰਚੀ ਮੁਕਤ ਕਰਨ ਦਾ ਕਦਮ ਉਠਾਉਣ ਲਈ ਮਜਬੂਰ ਹੋਣਗੇ। ਉਨ੍ਹਾਂ ਦੱਸਿਆ ਕਿ ਮਿਆਦ ਖਤਮ ਹੋਣ ਦੇ ਬਾਵਜੂਦ ਅਜੇ ਤੱਕ ਵੀ ਅਥਾਰਟੀ ਵੱਲੋਂ ਸਹੂਲਤਾਂ ਮੁਹੱਈਆ ਨਹੀਂ ਕਰਵਾਈਆਂ ਗਈਆਂ। ਭਰਾਜ ਨੇ ਖੁਦ ਟੋਲ ਪਲਾਜ਼ਾ ਦੇ ਬੈਰੀਕੇਡ ਖੋਲਕੇ ਇੱਕ ਦਿਨ ਲਈ ਪਰਚੀ ਮੁਕਤ ਕਰ ਦਿੱਤਾ। ਇਸ ਉਪਰੰਤ ਸਾਰੇ ਵਾਹਨ ਪਰਚੀ ਕਟਾਉਣ ਤੋਂ ਬਿਨਾਂ ਹੀ

● ਬਾਕੀ ਸਫ਼ਾ 2 'ਤੇ

ਇੰਗਲੈਂਡ ਦੇ ਗੁਰਦੁਆਰੇ ਨੇ ਕੀਤਾ ਖਬਰਦਾਰ

ਲੰਡਨ : ਇੰਗਲੈਂਡ ਦੇ ਕੈਂਟ ਸ਼ਹਿਰ ਦੇ ਗੁਰਦੁਆਰੇ ਨੇ ਭਾਰਤੀਆਂ ਨੂੰ ਧੋਖਾ ਦੇਣ ਲਈ ਫਰਜ਼ੀ ਨੌਕਰੀਆਂ ਅਤੇ ਵੀਜ਼ਾ ਦੇਣ ਵਾਲੇ ਇਸ਼ਤਿਹਾਰਾਂ ਬਾਰੇ ਪਤਾ ਲੱਗਣ ਬਾਅਦ ਆਪਣੀ ਵੈੱਬਸਾਈਟ 'ਤੇ ਚੇਤਾਵਨੀ ਜਾਰੀ ਕੀਤੀ ਹੈ।

ਗ੍ਰੇਵਸੈਂਡ 'ਚ ਸਥਿਤ ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰੇ ਨੇ ਕਿਹਾ ਹੈ ਕਿ ਗੁਰਦੁਆਰੇ ਦੇ ਨਾਂਅ 'ਤੇ ਦਿੱਤੀ ਗਈ ਟਿਕਟ ਮੁਫਤ, ਵੀਜ਼ਾ ਮੁਫਤ, ਖਾਣਾ ਮੁਫਤ ਨੌਕਰੀ ਦੀ ਪੇਸ਼ਕਸ਼ ਫਰਜ਼ੀ ਹੈ।

ਬਰਤਾਨੀਆ 'ਚ ਤੁਰੰਤ ਲੋੜ ਹੈ, ਸਿਰਲੇਖ ਵਾਲੇ ਇਸ਼ਤਿਹਾਰ 'ਚ ਕਿਹਾ ਗਿਆ ਹੈ ਕਿ ਦਿਲਚਸਪੀ ਰੱਖਣ ਵਾਲੇ ਪੁਰਸ਼ ਅਤੇ ਔਰਤਾਂ ਦਿੱਤੇ ਵਟਸਐਪ ਨੰਬਰ 'ਤੇ ਕਾਲ ਕਰਨ।

ਅੱਜ ਤੇ ਭਲਕੇ ਪੰਜਾਬ ਭਰ 'ਚ ਮੀਂਹ ਦੇ ਆਸਾਰ

ਚੰਡੀਗੜ੍ਹ : 18 ਅਤੇ 19 ਅਪ੍ਰੈਲ ਨੂੰ ਪੂਰੇ ਪੰਜਾਬ 'ਚ ਮੀਂਹ ਦੀ ਸੰਭਾਵਨਾ ਜਤਾਈ ਗਈ ਹੈ। ਪੰਜਾਬ ਅਤੇ ਹਰਿਆਣਾ ਵਿਚ ਇਕ ਵਾਰ ਫਿਰ ਪੱਛਮੀ ਗੜਬੜੀ ਸਰਗਰਮ ਹੋ ਰਹੀ ਹੈ। ਇਸ ਕਾਰਨ 18 ਤੋਂ 20 ਅਪਰੈਲ ਤੱਕ ਤਿੰਨ ਦਿਨਾਂ ਤੱਕ ਕਈ ਥਾਵਾਂ ਉਤੇ ਗਰਜ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਇਸ

18-APRIL-PAGE-1.qxd 4/17/2023 10:35 PM Page 2

ਪਾਕਿਸਤਾਨੀ ਨਾਗਰਿਕ ਪਾਕਿ ਰੇਂਜਰਾਂ ਨੂੰ ਸੌਂਪਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਸੈਕਟਰ 'ਚ ਸੀਮਾ ਸੁਰੱਖਿਆ ਬਲ ਦੇ ਅਧਿਕਾਰੀਆਂ ਨੇ ਗਲਤੀ ਨਾਲ ਭਾਰਤੀ ਸਰਹੱਦ ਵਿੱਚ ਦਾਖਲ ਹੋਏ ਪਾਕਿਸਤਾਨੀ ਨਾਗਰਿਕ ਨੂੰ ਪਾਕਿਸਤਾਨੀ ਰੇਂਜਰਾਂ ਦੇ ਹਵਾਲੇ ਕਰ ਦਿੱਤਾ ਹੈ। ਬੀ ਐੱਸ ਐੱਫ ਅਧਿਕਾਰੀਆਂ ਅਨੁਸਾਰ ਬੀਤੀ ਦੁਪਹਿਰ ਬੀ ਐੱਸ ਐੱਫ ਦੇ ਜਵਾਨਾਂ ਨੇ ਸਰਹੱਦੀ ਵਾੜ ਨੇੜੇ ਫਿਰੋਜ਼ਪੁਰ ਸੈਕਟਰ ਦੇ ਪਿੰਡ ਰਾਜਾ ਰਾਏ ਤੋਂ 1 ਪਾਕਿ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ, ਜੋ ਭਾਰਤੀ ਸਰਹੱਦ ਵਿਚ ਦਾਖ਼ਲ ਹੋ ਗਿਆ ਸੀ।ਅਧਿਕਾਰੀਆਂ ਵੱਲੋਂ ਪੁੱਛਗਿੱਛ ਕਰਨ 'ਤੇ ਉਸ ਨੇ ਆਪਣਾ ਨਾਂ ਰਹਿਮਤ ਅਲੀ, ਉਮਰ 72, ਕਸੂਰ ਦਾ ਰਹਿਣ ਵਾਲਾ ਦੱਸਿਆ ਤੇ ਗਲਤੀ ਨਾਲ ਭਾਰਤੀ ਸਰਹੱਦ 'ਚ ਦਾਖਲ ਹੋ ਗਿਆ ਸੀ।ਅਧਿਕਾਰੀਆਂ ਮੁਤਾਬਿਕ ਉਕਤ ਨਾਗਰਿਕ ਕੋਲੋਂ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ, ਜਿਸ ਤੋਂ ਬਾਅਦ ਬੀ ਐੱਸ ਐੱਫ ਨੇ ਪਾਕਿ ਰੇਂਜਰਾਂ ਨਾਲ ਸੰਪਰਕ ਕੀਤਾ ਤੇ ਸਦਭਾਵਨਾ ਵਜੋਂ ਮਨੁੱਖੀ ਆਧਾਰ 'ਤੇ ਗਲਤੀ ਨਾਲ ਭਾਰਤੀ ਸਰਹੱਦ ਵਿੱਚ ਦਾਖਲ ਹੋਏ ਵਿਅਕਤੀ ਨੂੰ ਪਾਕਿਸਤਾਨੀ ਰੇਂਜਰਾਂ ਦੇ ਹਵਾਲੇ ਕਰ ਦਿੱਤਾ।

ਡਾ. ਚਰਨਦੀਪ ਸਿੰਘ ਨੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ ਮਾਤਾ ਸਾਹਿਬ ਕੌਰ ਗਰਲਜ਼ ਕਾਲਜ/ਸੀਨੀ. ਸੈਕੰ. ਸਕੂਲ ਗਹਿਲ (ਬਰਨਾਲਾ) ਵਿਖੇ ਡਾ. ਚਰਨਦੀਪ ਸਿੰਘ ਵੱਲੋਂ ਬਤੌਰ ਕਾਰਜਕਾਰੀ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ ਗਿਆ। ਇਸ ਮੌਕੇ ਸੰਸਥਾ ਦੀ ਲੋਕਲ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ੍ਰ. ਨਿਸ਼ਾਨ ਸਿੰਘ ਭੋਲਾ, ਵਾਈਸ ਚੇਅਰਮੈਨ ਸੁਰਜੀਤ ਸਿੰਘ, ਜਸਦੇਵ ਸਿੰਘ ਧਾਲੀਵਾਲ ਤੇ ਸਮੂਹ ਸਟਾਫ ਵੱਲੋਂ ਡਾ. ਚਰਨਦੀਪ ਸਿੰਘ ਦਾ ਸਵਾਗਤ ਕੀਤਾ ਗਿਆ। ਨਿਸ਼ਾਨ ਸਿੰਘ ਭੋਲਾ ਨੇ ਕਿਹਾ ਕਿ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਇਹ ਸੰਸਥਾ ਇਲਾਕੇ ਦੀਆਂ ਲੜਕੀਆਂ ਦੀ ਸਿੱਖਿਆ ਦੇ ਖੇਤਰ 'ਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਪ੍ਰਿੰਸੀਪਲ ਡਾ. ਚਰਨਦੀਪ ਸਿੰਘ ਦੀ ਅਗਵਾਈ ਵਿੱਚ ਇਹ ਵਿੱਦਿਅਕ ਸੰਸਥਾ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹੇਗੀ। ਪ੍ਰਿੰਸੀਪਲ ਡਾ. ਚਰਨਦੀਪ ਸਿੰਘ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋ.ਗੁ.ਪ੍ਰ.ਕਮੇਟੀ ਤੇ ਸੁਖਮਿੰਦਰ ਸਿੰਘ, ਸਕੱਤਰ (ਵਿੱਦਿਆ) ਸ਼੍ਰੋ.ਗੁ.ਪ੍ਰ. ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਲ ਪ੍ਰਬੰਧਕੀ ਕਮੇਟੀ ਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਇਹ ਵਿੱਦਿਅਕ ਸੰਸਥਾ ਇਲਾਕੇ ਦੀਆਂ ਲੜਕੀਆਂ ਦੀ ਸਿੱਖਿਆ ਲਈ ਉੱਤਮ ਸੇਵਾਵਾਂ ਨਿਭਾਏਗੀ। ਇਸ ਦੇ ਨਾਲ ਹੀ ਵਿਦਿਆਰਥਣਾਂ ਦੀ ਗੁਰਮਤਿ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਸੰਸਥਾ ਦਾ ਮਨੋਰਥ ਵਿਦਿਆਰਥੀਆਂ ਦੀ ਸੰਪੂਰਨ ਸ਼ਖਸੀਅਤ ਦਾ ਵਿਕਾਸ ਕਰਨਾ ਹੈ ਤਾਂ ਜੋ ਉਹ ਸਫਲਤਾ ਦੀ ਪ੍ਰਾਪਤੀ ਕਰਦਿਆਂ ਆਪਣਾ ਤੇ ਸੰਸਥਾ ਦਾ ਨਾਮ ਰੌਸ਼ਨ ਕਰ ਸਕਣ।

ਚੱਕ ਭਾਈ ਕਾ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਚੋਣ

ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਰਾਏਕੋਟ ਦੇ ਨੇੜਲੇ ਪਿੰਡ ਚੱਕ ਭਾਈ ਕਾ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂਸਰ ਸਾਹਿਬ ਪਾ. ਛੇਵੀਂ ਦੀ ਲੋਕਲ ਪ੍ਰਬੰਧਕ ਕਮੇਟੀ ਦੀ ਚੋਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਨਗਰ ਨਿਵਾਸੀਆ ਵੱਲੋਂ ਸਰਬਸੰਮਤੀ ਨਾਲ ਕੀਤੀ ਗਈ। ਜ਼ਿਕਰਯੋਗ ਹੈ ਕਿ ਇੱਥੇ ਗੁਰੂ ਸਾਹਿਬ ਜੀ ਦੇ ਪਵਿੱਤਰ ਜੋੜਾ ਸਾਹਿਬ ਵੀ ਮੌਜੂਦ ਹਨ। ਇਸ ਤੋਂ ਪਹਿਲਾਂ ਪ੍ਰਧਾਨ ਕਿਰਪਾਲ ਸਿੰਘ ਨੰਬਰਦਾਰ ਦੀ ਅਗਵਾਈ ਵਾਲੀ ਕਮੇਟੀ ਨੇ ਲਗਭਗ ਲਗਾਤਾਰ 13 ਸਾਲ ਗੁਰੂ ਘਰ ਦੀ ਸੇਵਾ ਤਨਦੇਹੀ ਨਾਲ ਨਿਭਾਈ ਨੂੰ ਸੇਵਾਮੁਕਤ ਹੋਣ ਉਪਰੰਤ ਸਮੁੱਚੀ ਨਵੀਂ ਚੁਣੀ ਕਮੇਟੀ ਨੇ ਸਿਰੋਪਾਓ ਭੇਟ ਕਰਕੇ ਮਾਣ ਸਤਿਕਾਰ ਕੀਤਾ। ਇਸ ਨਵੀਂ ਗਠਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪ੍ਰਧਾਨ ਬਲਵਿੰਦਰ ਸਿੰਘ ਸਾਬਕਾ ਪੰਚ, ਸੀਨੀ. ਮੀਤ ਪ੍ਰਧਾਨ ਬਲਵੀਰ ਸਿੰਘ ਸਿੱਧੂ, ਮੀਤ ਪ੍ਰਧਾਨ ਅਮਰਜੀਤ ਸਿੰਘ ਰਾਏ, ਖਜ਼ਾਨਚੀ ਬਲਵਿੰਦਰ ਸਿੰਘ ਦੀਸ਼ਾ, ਸਹਿ-ਖਜ਼ਾਨਚੀ ਸੁਖਵੰਤ ਸਿੰਘ ਹੇਹਰ, ਸੈਕਟਰੀ ਸੋਹਣਜੀਤ ਸਿੰਘ ਚੀਮਾਂ, ਗੁਰਪ੍ਰੀਤ ਸਿੰਘ ਰਾਏ, ਅਮਰੀਕ ਸਿੰਘ ਰਾਜ, ਨਛੱਤਰ ਸਿੰਘ, ਹਰਮਿੰਦਰ ਸਿੰਘ, ਅਵਤਾਰ ਸਿੰਘ ਗੋਗਾ, ਗੁਰਨਾਮ ਸਿੰਘ, ਕਰਮਜੀਤ ਸਿੰਘ, ਪਿਸ਼ੌਰਾ ਸਿੰਘ, ਲਵਪ੍ਰੀਤ ਸਿੰਘ, ਬਲਵਿੰਦਰ ਸਿੰਘ, ਮਨਜੀਤ ਸਿੰਘ ਹੇਹਰ, ਗੁਰਚਰਨ ਸਿੰਘ, ਜੋਗਿੰਦਰ ਸਿੰਘ ਝਾਂਸਲ, ਤੇਜਵੰਤ ਸਿੰਘ ਸਾਬਕਾ ਸਰਪੰਚ ਮੈਂਬਰ ਚੁਣੇ ਗਏ। ਇਸ ਸਮੇਂ ਪ੍ਰਧਾਨ ਸਾਧੂ ਸਿੰਘ ਰਾਏ, ਹਰਬਖਸ਼ੀਸ਼ ਸਿੰਘ ਰਾਏ, ਬਾਬਾ ਕੁਲਵੰਤ ਸਿੰਘ ਕੰਤਾ, ਮੇਜਰ ਸਿੰਘ ਚਹਿਲ, ਸੁਖਦੇਵ ਸਿੰਘ ਹੇਹਰ, ਕਰਮਜੀਤ ਸਿੰਘ ਰਾਏ, ਗੁਰਮੀਤ ਸਿੰਘ ਰੰਧਾਵਾ, ਹਰਪ੍ਰੀਤ ਸਿੰਘ, ਕਿਰਪਾਲ ਸਿੰਘ ਸਿੱਧੂ, ਗਿੰਦਾ ਚਹਿਲ, ਗ੍ਰੰਥੀ ਜਸਪਾਲ ਸਿੰਘ, ਕਾਲਾ ਸਿੰਘ ਸਿੱਧੂ, ਗੁਰਤੇਜ ਸਿੰਘ ਚਹਿਲ, ਮੱਘਰ ਸਿੰਘ, ਹਰਜਿੰਦਰ ਸਿੰਘ ਰਾਏ ਆਦਿ ਆਗੂ ਹਾਜ਼ਰ ਸਨ।

ਮਨੋਵਿਗਿਆਨ ਵਿਭਾਗ ਵੱਲੋਂ ਨਸ਼ਾ ਛਡਾਊ ਕੇਂਦਰ ਦਾ ਵਿੱਦਿਅਕ ਦੌਰਾ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ ਮਨੋਵਿਗਿਆਨ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਖੰਨਾ ਨਰਸਿੰਗ ਹੋਮ-ਨਸ਼ਾ ਛਡਾਊ ਕੇਂਦਰ ਦਾ ਵਿੱਦਿਅਕ ਦੌਰਾ ਕੀਤਾ ਗਿਆ। ਇਸ ਮੌਕੇ ਮਾਹਰ ਮਨੋਵਿਗਿਆਨੀ ਤੇ ਕਾਂਊਂਲਰ ਨੇ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਦੱਸਿਆ ਕਿ ਕਿਵੇਂ ਨਸ਼ੇ ਦੀ ਹੋੜ ਵਿੱਚ ਲੱਗ ਗਏ ਨੌਜਵਾਨਾਂ ਦੀ ਸਹਾਇਤਾ ਕੀਤੀ ਸਕਦੀ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਹਸਪਤਾਲ ਵਿੱਚ ਦਿੱਤੀਆਂ ਜਾਣ ਵਾਲੀਆਂ ਵਿਸ਼ੇਸ਼ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਤੇ ਵੱਖੋ-ਵੱਖਰੀਆਂ ਗਤੀਵਿਧੀਆਂ ਉਤੇ ਵੀ ਚਾਨਣਾ ਪਾਇਆ ਗਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਭਾਗ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਲਈ ਅਜਿਹੇ ਵਿੱਦਿਅਕ ਦੌਰੇ ਬਹੁਤ ਹੀ ਲਾਹੇਵੰਦ ਸਾਬਿਤ ਹੁੰਦੇ ਹਨ ਤੇ ਪੰਜਾਬ ਵਿੱਚ ਅਜਿਹੇ ਨਸ਼ਾ ਛੁਡਾਊ ਕੇਂਦਰਾਂ ਦੀ ਅਹਿਮ ਲੋੜ ਹੈ ਤਾਂ ਕਿ ਨੌਜਵਾਨਾਂ ਨੂੰ ਸਹੀ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਜਾ ਸਕੇ ਤੇ ਉਨ੍ਹਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਬਚਾਇਆ ਜਾ ਸਕੇ। ਮਨੋਵਿਗਿਆਨ ਵਿਭਾਗ ਦੇ ਮੁਖੀ ਡਾ. ਹਰਦੀਪ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੌਰੇ ਨੇ ਵਿਦਿਆਰਥੀਆਂ ਦੇ ਡਰੱਗ ਅਬਿਊਜ਼ ਕਾਊਂਸਲਿੰਗ ਸਬੰਧੀ ਵਿਹਾਰਕ ਗਿਆਨ ਵਿੱਚ ਵਾਧਾ ਕੀਤਾ ਹੈ। ਇਹ ਦੌਰਾ ਪ੍ਰੋ. ਰਸਮੀ ਦੀ ਨਿਗਰਾਨੀ ਹੇਠ ਕੀਤਾ ਗਿਆ।

ਪ੍ਰੋ. ਉੱਪਲ ਨੂੰ ਚਾਣਕਯ ਐਵਾਰਡ ਨਾਲ ਕੀਤਾ ਸਨਮਾਨਤ

ਮਲੋਟ (ਗੁਰਮੀਤ ਸਿੰਘ ਮੱਕੜ)-ਮਲੋਟ ਨਿਵਾਸੀ ਤੇ ਬਾਬਾ ਫਰੀਦ ਕਾਲਜ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ (ਪੰਜਾਬ) ਦੇ ਪ੍ਰੋਫੈਸਰ-ਕਮ-ਪ੍ਰਿੰਸੀਪਲ ਪ੍ਰੋ. ਆਰ. ਕੇ. ਉੱਪਲ ਨੂੰ ਇੰਟਰਨੈਸ਼ਨਲ ਕੌਂਸਲ ਫਾਰ ਐਜੂਕੇਸ਼ਨ ਐਂਡ ਟਰੇਨਿੰਗ ਵੱਲੋਂ ਚਾਣਕਯ ਐਵਾਰਡ-2023 ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਐਵਾਰਡ ਸ੍ਰ. ਰਜਿੰਦਰ ਕੁਨਾਰ, ਮੈਂਬਰ, ਹਰਿਆਣਾ ਲੋਕ ਸੇਵਾ ਕਮਿਸ਼ਨ, ਸਰਕਾਰ ਹਰਿਆਣਾ ਤੇ ਡਾ. ਐੱਸ. ਕੇ. ਸਿੰਘਮਾਰ ਚੇਅਰਮੈਨ ਆਈ.ਸੀ.ਈ.ਆਰ.ਟੀ. ਵੱਲੋਂ ਦੇ ਕੇ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਪ੍ਰੋ. ਆਰ. ਕੇ. ਉੱਪਲ ਨੇ ਇੰਡੀਆ ਬੁੱਕ ਆਫ ਰਿਕਾਰਡਜ਼, ਏਸ਼ੀਆ ਬੁੱਕ ਆਫ ਰਿਕਾਰਡਜ਼, ਇੰਟਰਨੈਸ਼ਨਲ ਬੁੱਕ ਆਫ ਰਿਕਾਰਡਜ਼ ਤੇ ਵਰਲਡ ਬੁੱਕ ਆਫ ਰਿਕਾਰਡਜ਼ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ। ਇੱਥੋਂ ਤੱਕ ਕਿ ਉਨ੍ਹਾਂ ਵੱਲੋਂ 2014 ਵਿੱਚ ਨਾਮਵਰ ਬਿਜ਼ਨੈੱਸ ਯੂਨੀਵਰਸਿਟੀ, ਕੋਸਟਾ ਰੀਕਾ ਵੱਲੋਂ ਆਨਰੇਰੀ ਡੀ. ਲਿੱਟ ਨਾਲ ਸਨਮਾਨਤ ਕੀਤਾ ਗਿਆ ਸੀ।ਓਰਵਿਲ ਯੂਨੀਵਰਸਿਟੀ ਨੇ ਡੀ. ਲਿਟ. ਇੰਟਰਨੈਸ਼ਨਲ ਪੀਸ ਯੂਨੀਵਰਸਿਟੀ ਨੇ ਆਨਰੇਰੀ ਡੀ. ਲਿਟ 2019 ਤੇ ਨੈਲਸਨ ਮੰਡੇਲਾ ਯੂਨੀਵਰਸਿਟੀ, ਯੂ.ਐੱਸ.ਏ. ਨੇ ਵੀ ਪ੍ਰੋ. ਉੱਪਲ ਨੂੰ ਡਾਕਟਰ ਆਫ਼ ਲੈਟਰਜ਼ ਨਾਲ ਸਨਮਾਨਤ ਕੀਤਾ।

ਵਿਧਾਇਕ ਅੰਮ੍ਰਿਤਪਾਲ ਸੁਖਾਨੰਦ ਨੇ ਕਣਕ ਦੇ ਖਰੀਦ ਪ੍ਰਬੰਧਾਂ ਨੂੰ ਲੈ ਕੇ ਕੀਤੀ ਮੀਟਿੰਗ

ਬਾਘਾ ਪੁਰਾਣਾ (ਮਨੀ ਸਿੰਗਲਾ)-ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਚੱਲ ਰਹੇ ਕਣਕ ਦੇ ਸੀਜ਼ਨ ਦੌਰਾਨ ਕੀਤੇ ਪ੍ਰਬੰਧਾਂ ਬਾਰੇ ਮਾਰਕਿਟ ਕਮੇਟੀ ਦੇ ਅਧਿਕਾਰੀਆਂ, ਆੜ੍ਹਤੀਆਂ ਦੇ ਨਾਲ ਵਿਸ਼ੇਸ਼ ਤੌਰ 'ਤੇ ਮੀਟਿੰਗ ਕੀਤੀ ਤਾਂ ਕਿ ਕਿਸਾਨਾਂ ਨੂੰ ਮੰਡੀਆਂ ਦੇ ਵਿੱਚ ਕੋਈ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਕੋਈ ਵੀ ਅਧਿਕਾਰੀ ਹਾੜੀ ਦੇ ਸੀਜਨ ਵਿਚ ਕਣਕ ਦੀ ਖਰੀਦ ਵਿਚ ਢਿੱਲ ਮੱਠ ਨਾ ਕਰੇ, ਜਿਸ ਨਾਲ ਕਿਸਾਨਾਂ, ਆੜ੍ਹਤੀਆਂ ਨੂੰ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ। ਵਿਧਾਇਕ ਸੁਖਾਨੰਦ ਨੇ ਕਿਹਾ ਕਿ ਮੁੱਖ ਖ਼ਰੀਦ ਕੇਂਦਰ ਤੇ ਦਿਹਾਤੀ ਖਰੀਦ ਕੇਂਦਰਾਂ ਵਿਚ ਕਣਕ ਦੀ ਖਰੀਦ ਤੋਂ ਲੈਕੇ ਸਰਕਾਰ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ ਤਾਂ ਜੁ ਕਿਸਾਨਾਂ ਨੂੰ ਮੰਡੀਆਂ ਅੰਦਰ ਫ਼ਸਲ ਵੇਚਣ ਵਿੱਚ ਕੋਈ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਕਿਹਾ ਕਿ ਬਰਸਾਤ ਤੇ ਗੜ੍ਹੇਮਾਰੀ ਕਾਰਨ ਕਿਸਾਨਾਂ ਦੀ ਹੋਈ ਫ਼ਸਲ ਦੇ ਨੁਕਸਾਨ ਦੀ ਭਰਪਾਈ ਲਈ ਪੰਜਾਬ ਸਰਕਾਰ ਵਚਨਬੱਧ ਹੈ ਤੇ ਕਿਸਾਨਾਂ ਨੂੰ ਖਰਾਬ ਹੋਈ ਫ਼ਸਲ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਦੀਆਂ ਮੰਡੀਆਂ ਅੰਦਰ ਠੰਡਾ ਪੀਣ ਵਾਲਾ ਪਾਣੀ, ਛਾਂ, ਬਾਰਦਾਨੇ, ਲਿਫਟਿੰਗ, ਲਾਈਟਸ ਦੇ ਪ੍ਰਬੰਧ ਪੁਖਤਾ ਕੀਤੇ ਗਏ ਹਨ ਤੇ ਕਿਸਾਨਾਂ ਨੂੰ ਮੰਡੀਆਂ 'ਚ ਕਿਸੇ ਤਰ੍ਹਾਂ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਮੁੱਖ ਮੰਤਰੀ ਵੱਲੋਂ ਜਾਰੀ ਕੀਤੇ ਹੁਕਮਾਂ ਮੁਤਾਬਕ 24 ਘੰਟਿਆਂ 'ਚ ਕਿਸਾਨਾਂ ਦੀ ਫ਼ਸਲ ਦਾ ਮੁੱਲ ਉਨ੍ਹਾਂ ਦੇ ਖਾਤਿਆਂ 'ਚ ਭੇਜ ਦਿੱਤਾ ਜਾਵੇਗਾ। ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫ਼ਸਲ ਨੂੰ ਸੁਕਾ ਕੇ ਮੰਡੀਆਂ ਵਿੱਚ ਲੈ ਕੇ ਆਉਣ ਅਤੇ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ। ਇਸ ਮੌਕੇ ਹਰਜੀਤ ਸਿੰਘ ਖਹਿਰਾ ਸਕੱਤਰ, ਅੰਮ੍ਰਿਤਪਾਲ ਸਿੰਘ ਮੰਡੀ ਸੁਪਰਵਾਈਜ਼ਰ, ਮਹਾਵੀਰ ਸ਼ਰਮਾ, ਮਨਦੀਪ ਸਿੰਘ ਫੂਡ ਸਪਲਾਈ ਵਿਭਾਗ, ਮਲਕੀਤ ਸਿੰਘ ਲੇਖਾਕਾਰ, ਆੜ੍ਹਤੀ ਬਲਤੇਜ ਸਿੰਘ ਲੰਗੇਆਣਾ, ਪ੍ਰਧਾਨ ਬਾਲ ਕ੍ਰਿਸ਼ਨ ਬਾਲੀ, ਬਲਵਿੰਦਰ ਗਰਗ, ਸੰਜੂ ਮਿੱਤਲ, ਸੰਜੀਵ ਬਿੱਟੂ, ਮਨਜੀਤ ਸਿੰਘ ਰਾਜੇਆਣਾ, ਪ੍ਰੇਮ ਸਿੰਘ ਬਾਠ, ਚਮਕੌਰ ਸਿੰਘ, ਗੁਰਦਰਸ਼ਨ ਸਿੰਘ ਕਾਲੇਕੇ, ਅਮਰਜੀਤ ਸਿੰਘ ਬਰਾੜ, ਦੀਪਾ ਬਾਂਸਲ, ਦਿਨੇਸ਼ ਸ਼ਰਮਾ, ਮਹਾਂਵੀਰ ਸ਼ਰਮਾ ਅਤੇ ਵੱਖ-ਵੱਖ ਏਜੰਸੀਆਂ ਦੇ ਅਧਿਕਾਰੀ ਹਾਜ਼ਰ ਸਨ।

ਆੜ੍ਹਤੀਆ ਐਸੋਸੀਏਸ਼ਨ ਵੱਲੋਂ ਨਵ-ਨਿਯੁਕਤ ਚੇਅਰਮੈਨ ਕਾਹਨੇਕੇ ਦਾ ਸਨਮਾਨ

ਤਪਾ ਮੰਡੀ (ਅਰੁਣ ਗੋਇਲ)

ਆੜ੍ਹਤੀਆਂ ਐਸੋਸ਼ੀਏਸ਼ਨ ਤਪਾ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ,ਚੇਅਰਮੈਨ ਹੇਮ ਰਾਜ ਸੰਟੀ ਮੋੜ, ਮੀਤ ਪ੍ਰਧਾਨ ਅਸੋਕ ਕੁਮਾਰ ਮੋਲਾ, ਸਕੱਤਰ ਮਨੋਜ ਕੁਮਾਰ ਸਿੰਗਲਾ ਤੇ ਕੈਸ਼ੀਅਰ ਰਾਜ ਕੁਮਾਰ ਪੂਹਲੀ ਅਤੇ ਸਮੂਹ ਮੈਂਬਰਾਂ ਵੱਲੋਂ ਨਵਨਿਯੁਕਤ ਮਾਰਕੀਟ ਕਮੇਟੀ ਦੇ ਚੇਅਰਮੈਨ ਤਰਸੇਮ ਸਿੰਘ ਕਾਹਨੇਕੇ ਨੂੰ ਮਾਰਕੀਟ ਕਮੇਟੀ ਦੇ ਦਫਤਰ 'ਚ ਰੱਖੇ ਇੱਕ ਸਾਦੇ ਜਿਹੇ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਮੁਨੀਸ਼ ਮਿੱਤਲ ਨੇ ਵੀ ਹਾਜ਼ਰੀ ਲਵਾਈ।

ਮਾਰਕੀਟ ਕਮੇਟੀ ਦੇ ਨਵਨਿਯੁਕਤ ਚੇਅਰਮੈਨ ਤਰਸੇਮ ਸਿੰਘ ਕਾਹਨੇਕੇ ਨੇ ਆੜ੍ਹਤੀਆ ਐਸੋਸ਼ੀਏਸਨ ਨੂੰ ਵਿਸ਼ਵਾਸ ਦਿਵਾਇਆ ਕਿ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜਿਸ ਦੇ ਵਿਧਾਇਕ ਲਾਭ ਸਿੰਘ ਉਗੋਕੇ ਯਤਨ ਸਦਕਾਂ ਆੜ੍ਹਤੀਆਂ ਨਾਲ ਮਿਲ ਕੇ ਕਿਸਾਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹੱਈਆ ਕਰਾਏਗਾ ਤਾਂ ਜੁ ਕਿਸਾਨਾਂ ਨੂੰ ਅਪਣੀ ਫ਼ਸਲ ਵੇਚਣ 'ਚ ਕੋਈ ਦਿੱਕਤ ਨਾ ਆਵੇ

18-April-PAGE-3.qxd 4/17/2023 10:53 PM Page 1

ਥਾਣੇਦਾਰ ਮੇਜਰ ਸਿੰਘ ਦਾ ਨਿੱਘਾ ਮਾਣ-ਸਨਮਾਨ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)- ਆਪਣੇ ਸਮੇਂ ਦੇ ਨਾਮਵਰ ਵਾਲੀਬਾਲ ਦੇ ਪ੍ਰਸਿੱਧ ਖਿਡਾਰੀ ਤੇ ਸੀਆਈਐਸਐੱਫ ਵਿੱਚ ਬਤੌਰ ਥਾਣੇਦਾਰ ਦੀ ਸੇਵਾ ਨਿਭਾ ਰਹੇ ਮੇਜਰ ਸਿੰਘ ਸੰਗਤਪੁਰਾ ਦਾ ਉਨ੍ਹਾਂ ਦੀਆਂ ਖੇਡ ਪ੍ਰਤੀ ਸ਼ਾਨਦਾਰ ਸੇਵਾਵਾਂ ਨੂੰ ਵੇਖਦੇ ਹੋਏ ਛੇ ਫੁੱਟ ਦੇ ਵੱਡੇ ਕੱਪ ਨਾਲ ਸਰਵਣ ਸਿੰਘ ਸੰਧੂ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਿਸ਼ਏਸ਼ ਸਨਮਾਨ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਮੇਜਰ ਸਿੰਘ ਛੋਟੀ ਉਮਰ ਤੋਂ ਹੀ ਹਾਕੀ, ਕਬੱਡੀ ਅਤੇ ਵਾਲੀਬਾਲ ਵਿੱਚ ਉੱਚ ਕੋਟੀ ਦਾ ਖਿਡਾਰੀ ਰਿਹਾ ਅਤੇ ਆਪਣੀ ਮਿਹਨਤ ਨਾਲ ਖੇਡਦੇ ਖੇਡਦੇ ਹੀ ਫੌਜ ਵਿੱਚ ਭਰਤੀ ਹੋ ਗਿਆ ਅਤੇ ਫੌਜ ਵਿੱਚ ਭਰਤੀ ਹੋਣ ਤੋਂ ਬਾਅਦ ਵੀ ਖੇਡਾਂ ਵਿੱਚ ਰੁਚੀ ਰੱਖੀ ਅਤੇ ਆਪਣੀ ਨੇਕ ਕਮਾਈ 'ਚ ਕੁਝ ਲੋੜਵੰਦ ਪਰਿਵਾਰ ਦੇ ਬੱਚਿਆਂ ਨੂੰ ਵਰਦੀਆਂ, ਬੂਟਾ, ਖੁਰਾਕ ਲਈ ਹਰ ਮਹੀਨੇ ਹੀ ਦਸਵੰਦ ਕੱਢ ਕੇ ਭੇਜਦੇ ਹਨ। ਮੇਜਰ ਸਿੰਘ ਸਾਬਕਾ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਰੁਸਤਮੇਹਿੰਦ ਪਹਿਲਵਾਨ ਦਾਰਾ ਸਿੰਘ, ਰਣਜੀਤ ਸਿੰਘ ਬ੍ਰਹਮਪੁਰਾ ਵੱਲੋਂ ਵੀ ਸਨਮਾਨਿਤ ਹੋ ਚੁੱਕਾ।

ਪੱਤਰਕਾਰ ਰਾਕੇਸ਼ ਬਾਵਾ ਦੇ ਪਰਵਾਰ ਨਾਲ ਦੁੱਖ ਦਾ ਇਜ਼ਹਾਰ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)- ਪ੍ਰੈੱਸ ਕਲੱਬ ਚੋਹਲਾ ਸਾਹਿਬ ਦੇ ਜਨਰਲ ਸਕੱਤਰ ਅਤੇ ਪੰਜਾਬ ਯੂਨੀਅਨ ਆਫ ਜਰਨਲਿਸਟ ਦੇ ਜ਼ਿਲ੍ਹਾ ਮੀਤ ਪ੍ਰਧਾਨ ਤੇ ਸੀਨੀਅਰ ਪੱਤਰਕਾਰ ਰਾਕੇਸ਼ ਬਾਵਾ ਜੋ ਕਿ ਬੀਤੇ ਦਿਨੀਂ ਦਿਲ ਦੀ ਧੜਕਣ ਬੰਦ ਹੋਣ ਕਾਰਨ ਸਦੀਵੀ ਵਿਛੋੜਾ ਦੇ ਗਏ ਸਨ, ਦੀ ਅਚਨਚੇਤੀ ਅਤੇ ਬੇਵਕਤੀ ਮੌਤ ਹੋਣ ਤੇ ਹਲਕਾ ਖਡੂਰ ਸਾਹਿਬ ਦੇ ਭਾਜਪਾ ਦੇ ਸੀਨੀਅਰ ਆਗੂ ਚੇਅਰਮੈਨ ਕੁਲਵੰਤ ਸਿੰਘ ਭੈਲ ਨੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਰਾਕੇਸ਼ ਬਾਵਾ ਬਹੁਤ ਹੀ ਨੇਕ ਅਤੇ ਮਿਲਾਪੜੇ ਸੁਭਾਅ ਦੇ ਇਨਸਾਨ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਪ੍ਰਿੰਸ ਲਾਲਪੁਰ, ਸੁਨੀਲ ਸ਼ਰਮਾ, ਦਿਲਬੀਰ ਸਿੰਘ ਵਰਿਆਂਹ, ਗੁਰਭੇਜ ਸਿੰਘ ਖੇਲਾ ਆਦਿ ਹਾਜ਼ਰ ਸਨ।

ਪਿੰਗਲਵਾੜਾ ਪਰਿਵਾਰ ਦੀਆਂ ਨਵ-ਵਿਆਹੁਤਾ ਜੋੜੀਆਂ ਨੂੰ ਦਿੱਤਾ ਆਸ਼ੀਰਵਾਦ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਦੇ ਮੁੱਖ ਦਫਤਰ ਦੇ ਵਿਹੜੇ ਵਿਚ ਪਿੰਗਲਵਾੜਾ ਪਰਿਵਾਰ ਦੀਆਂ ਦੋ ਲੜਕੀਆਂ ਦਾ ਅਨੰਦ ਕਾਰਜ (ਮਨਦੀਪ ਕੌਰ ਦਾ ਗੁਰਵਿੰਦਰ ਸਿੰਘ ਸਪੁੱਤਰ ਮਹਿੰਦਰ ਸਿੰਘ ਵਾਸੀ ਲੋਹਾਰੀ ਕਲਾਂ ਫਤਿਹਗੜ੍ਹ ਸਾਹਿਬ) ਅਤੇ (ਅਮਨਪ੍ਰੀਤ ਕੌਰ ਉਰਫ ਸਵਾਤੀ ਦਾ ਪ੍ਰਿਤਪਾਲ ਸਿੰਘ ਸਪੁੱਤਰ ਇੰਦਰਜੀਤ ਸਿੰਘ ਵਾਸੀ ਜਗਾਧਰੀ, ਯਮੁਨਾ ਨਗਰ, ਹਰਿਆਣਾ) ਨਾਲ ਮਿਤੀ 16 ਅਪ੍ਰੈਲ, ਨੂੰ ਗੁਰਦੁਆਰਾ ਸਾਹਿਬ ਮੁੱਖ ਦਫਤਰ ਪਿੰਗਲਵਾੜਾ ਵਿਖੇ ਹੋਇਆ। ਇਹ ਪਿੰਗਲਵਾੜਾ ਪਰਿਵਾਰ ਦੀਆਂ ਲੜਕੀਆਂ ਦਾ 63ਵਾਂ ਅਤੇ 64ਵਾਂ ਅਨੰਦ ਕਾਰਜ ਹੈ। ਸੁਭਾਗ ਜੋੜੀਆਂ ਨੂੰ ਪਿੰਗਲਵਾੜਾ ਪਰਿਵਾਰ ਵਲੋਂ ਘਰੇਲੂ ਜਰੂਰਤ ਦੀਆਂ ਸਾਰੀਆਂ ਵਸਤਾਂ ਦੇ ਕੇ ਤੋਰਿਆ ਗਿਆ।

ਲੋੜਵੰਦ ਪਰਿਵਾਰਾਂ ਨੂੰ ਕਣਕ ਨਾ ਮਿਲਣ ਕਾਰਨ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)

ਕੇਂਦਰ ਤੇ ਸੂਬਾ ਸਰਕਾਰ ਵੱਲੋਂ ਗਰੀਬ ਤੇ ਲੋੜਵੰਦ ਪਰਿਵਾਰਾਂ ਨੂੰ ਵ੍ਹੀ ਕਣਕ ਨਾ ਮਿਲਣ ਦੇ ਰੋਸ ਵਜੋਂ ਦਿਹਾਤੀ ਮਜ਼ਦੂਰ ਸਭਾ ਵੱਲੋਂ ਨਰਿੰਦਰ ਸਿੰਘ ਰਟੋਲ ਅਮਰਜੀਤ ਸਿੰਘ ਕੋਟਲੀ ਦੀ ਪ੍ਰਧਾਨਗੀ ਹੇਠ ਐਸਡੀਐਮ. ਤਰਨਤਾਰਨ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ। ਇਸ ਮੌਕੇ ਬੋਲਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਨੇ ਬੋਲਦਿਆਂ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਵਿੱਚ ਕੋਈ ਅੰਤਰ ਨਹੀ. ਇਹ ਦੋਵੇਂ ਸਰਕਾਰਾਂ ਦੀਆਂ ਨੀਤੀਆਂ ਮਜ਼ਦੂਰ ਵਿਰੋਧੀ ਹਨ। ਉਨ੍ਹਾਂ ਕਿਹਾ ਕਿ ਗਰੀਬ ਲੋਕਾਂ ਨੂੰ ਆਟਾ ਦਾਲ ਸਕੀਮ ਤੋ ਵਾਂਝਿਆਂ ਕੀਤਾ ਜਾ ਰਿਹਾ ਮਜਦੂਰਾਂ ਨੂੰ ਮਿਲਦੀ ਕਣਕ 25% ਦੇ ਕੱਟ ਦੇ ਬਹਾਨੇ ਵੱਡੀ ਪੱਧਰ ਤੇ ਕਣਕ ਤੋ ਵਾਂਝਿਆ ਰੱਖਿਆ ਗਿਆ ਹੈ। ਖਾਦੇ ਪੀਦੇ ਘਰਾਂ ਦੇ ਲੋਕਾਂ ਨੂੰ ਕਣਕ ਦੀਆਂ ਪਰਚੀਆ ਕੱਟ ਕੇ ਦਿੱਤੀਆਂ ਗਈਆਂ ਹਨ ਅਤੇ ਮਜਦੂਰਾਂ ਨੂੰ ਪਰਚੀਆ ਕੱਟ ਕੇ ਨਹੀਂ ਦਿੱਤੀਆਂ ਗਈਆਂ।ਧਰਨਾ ਕਾਰੀਆ ਨੂੰ ਸੁਪਰਡੈਂਟ ਨੇ ਵਿਸ਼ਵਾਸ ਦਿਵਾਇਆ ਕਿ ਆਗੂਆਂ ਦੀ ਮੀਟਿੰਗ 19 ਅਪ੍ਰੈਲ ਨੂੰ 11 ਵਜੇ ਐਸ ਡੀ ਐਮ ਸਾਹਿਬ ਨਾਲ ਕਰਾਈ ਜਾਵੇਗੀ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜੇਕਰ ਮਜਦੂਰਾਂ ਨੂੰ ਬਣਦਾ ਹੱਕ ਨਾ ਮਿਲਿਆ ਤਾਂ ਛੇਤੀ ਹੀ ਜਿਲ੍ਹੇ ਦੀ ਮੀਟਿੰਗ ਸੱਦ ਕੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਕੁਲਦੀਪ ਸਿੰਘ, ਦਲਜੀਤ ਸਿੰਘ, ਮੁਖਤਾਰ ਸਿੰਘ, ਬਲਕਾਰ ਸਿੰਘ, ਨੱਥਾ ਸਿੰਘ, ਅਮਰਜੀਤ ਸਿੰਘ ' ਜਸਵੰਤ ਸਿੰਘ, ਅਵਤਾਰ ਸਿੰਘ, ਅਮਰਜੀਤ ਸਿੰਘ, ਤਰਸੇਮ ਸਿੰਘ , ਮਨਜਿੰਦਰ ਕੌਰ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਤੀਰਥ ਸਿੰਘ, ਜਰਨੈਲ ਸਿੰਘ, ਬੁੱਘਾ ਸਿੰਘ, ਗੁਰਮੁੱਖ ਸਿੰਘ , ਹਰਿੰਦਰ ਸਿੰਘ, ਵਿਸਾਖਾ ਸਿੰਘ, ਬੂਟਾ ਸਿੰਘ, ਅਵਤਾਰ ਸਿੰਘ, ਜੋਗਾ ਸਿੰਘ, ਪਿਆਰ ਕੌਰ, ਬਲਜਿੰਦਰ ਕੌਰ, ਸਤਨਾਮ ਕੌਰ, ਹਰਜੀਤ ਕੌਰ, ਸਵਿੰਦਰ ਕੌਰ, ਹਰਿੰਦਰ ਕੌਰ, ਨਿਰਮਲ ਕੌਰ , ਰਾਜਵਿੰਦਰ ਕੌਰ, ਹਰਜੀਤ ਕੌਰ ਆਦਿ ਹਾਜ਼ਰ ਸਨ।

ਹਰ ਸਮੱਸਿਆ ਦਾ ਸਮੇਂ ਸਿਰ ਕੀਤਾ ਜਾ ਰਿਹੈ ਹੱਲ : ਜਿੰਪਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਵਾਸੀਆਂ ਦੀ ਹਰ ਸਮੱਸਿਆ ਦਾ ਨਿਸ਼ਚਿਤ ਸਮੇਂ ਵਿਚ ਹੱਲ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਤੱਕ ਬੁਨਿਆਦੀ ਸੁਵਿਧਾਵਾਂ ਪਹੁੰਚਾਉਣ ਵਿਚ ਕੋਈ ਕਮੀ ਨਹੀਂ ਛੱਡੀ ਜਾ ਰਹੀ ਹੈ। ਉਹ ਵਾਰਡ ਨੰ: 2 ਅਤੇ ਵਾਰਡ ਨੰ: 17 ਵਿਚ ਕਰੀਬ 35 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਉਣ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿਚ ਭੇਦਭਾਵ ਤੋਂ ਬਿਨਾਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਵਾਰਡ ਨੰਬਰ 2 ਵਿਚ 14 ਲੱਖ ਰੁਪਏ ਦੀ ਲਾਗਤ ਨਾਲ ਅਤੇ ਵਾਰਡ ਨੰਬਰ 17 ਵਿਚ 20.78 ਲੱਖ ਰੁਪਏ ਦੀ ਲਾਗਤ ਨਾਲ ਸੜਕ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਲੰਬੇ ਸਮੇਂ ਤੋਂ ਇਸ ਗਲੀ ਦੇ ਨਿਰਮਾਣ ਦੀ ਮੰਗ ਸੀ, ਜਿਸ ਨੂੰ ਪਹਿਲੇ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਇਲਾਕੇ ਵਿਚ ਵਿਕਾਸ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ, ਤਾਂ ਜੋ ਲੋਕਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਕੌਂਸਲਰ ਲਵਕੇਸ਼ ਓਹਰੀ, ਕੌਂਸਲਰ ਮਨਜੀਤ ਕੌਰ, ਮੋਹਨ ਲਾਲ, ਸਮੇਸ਼ ਸੋਨੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

ਕਣਕ ਦੇ ਮੁੱਲ 'ਚ ਕਟੌਤੀ ਦੀ ਭਰਪਾਈ ਕਰਨ ਦਾ ਫੈਸਲਾ ਸ਼ਲਾਘਾਯੋਗ : ਸੋਨੀ ਖਾਲੜਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਮਹਿੰਗੇ ਭਾਅ ਦੇ ਬੀਜ ਅਤੇ ਕੀਟਨਾਸ਼ਕ ਦਵਾਈਆਂ ਖਰੀਦ ਕੇ ਪੁੱਤਾਂ ਵਾਂਗ ਪਾਲੀ ਫਸਲ ਨੂੰ ਜਦੋਂ ਬੇਮੌਸਮੀ ਬਰਸਾਤ ਨੇ ਬਰਬਾਦ ਕੀਤਾ ਤਾਂ ਕਿਸਾਨ ਉਮੀਦ ਕਰ ਰਹੇ ਸਨ ਕਿ ਅਜਿਹੇ ਮੁਸ਼ਕਿਲ ਹਾਲਾਤ 'ਚ ਕੇਂਦਰ ਸਰਕਾਰ ਉਨ੍ਹਾਂ ਦੀ ਬਾਂਹ ਫੜੇਗੀ ਪਰ ਕਿਸਾਨ ਹਿਤੈਸ਼ੀ ਅਖਵਾਉਣ ਵਾਲੀ ਭਾਜਪਾ ਸਰਕਾਰ ਨੇ ਖਰਾਬ ਫਸਲ 'ਤੇ ਵੈਲਿਊ ਕੱਟ ਦਾ ਐਲਾਨ ਕਰਕੇ ਕਿਸਾਨ ਵਿਰੋਧੀ ਹੋਣ ਦਾ ਇੱਕ ਹੋਰ ਸਬੂਤ ਦੇ ਦਿੱਤਾ। ਅਜਿਹੇ ਹਾਲਾਤ 'ਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਕਣਕ ਦੇ ਮੁੱਲ 'ਚ ਕਟੌਤੀ ਦੀ ਭਰਪਾਈ ਕਰਨ ਦਾ ਫੈਸਲਾ ਨਾ ਸਿਰਫ ਸ਼ਲਾਘਾਯੋਗ ਹੈ ਸਗੋਂ ਇਤਿਹਾਸਕ ਵੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਸਬਾ ਖਾਲੜਾ ਤੋਂ 'ਆਪ' ਦੇ ਸੀਨੀਅਰ ਆਗੂ ਸੋਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਨੇ ਕਣਕ ਦੀ ਫਸਲ 'ਤੇ ਵੈਲਿਊ ਕੱਟ ਲਾ ਕੇ ਕਿਸਾਨਾਂ ਦੇ ਜ਼ਖਮਾਂ ਉੱਪਰ ਲੂਣ ਛਿੜਕਿਆ ਹੈ, ਉੱਥੇ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੇਂਦਰ ਸਰਕਾਰ ਵੱਲੋਂ ਲਗਾਏ ਵੈਲਿਊ ਕੱਟ ਦੀ ਭਰਪਾਈ ਕਰਨ ਦਾ ਫੈਸਲਾ ਕਰਕੇ ਕਿਸਾਨਾਂ ਦੇ ਜ਼ਖਮਾਂ ਤੇ ਮੱਲ੍ਹਮ ਪੱਟੀ ਕੀਤੀ ਹੈ। ਸੋਨੀ ਖਾਲੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ 'ਚ ਪੰਜਾਬ ਦੇ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਸਮੇਂ ਸਿਰ ਮੰਡੀ 'ਚੋਂ ਚੁੱਕਿਆ ਜਾਵੇਗਾ।

ਰਵਿੰਦਰ ਸਿੰਘ ਬ੍ਰਹਮਪੁਰਾ ਨੇ ਤਰਸੇਮ ਸਿੰਘ ਛਾਪੜੀ ਨਾਲ ਕੀਤਾ ਦੁੱਖ ਸਾਂਝਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਤਰਨਤਾਰਨ ਦੇ ਬੀ. ਸੀ. ਵਿੰਗ ਦੇ ਮੀਤ ਪ੍ਰਧਾਨ ਤਰਸੇਮ ਸਿੰਘ ਛਾਪੜੀ ਸਾਹਿਬ ਦੇ ਮਾਤਾ ਅਤੇ ਗੁਰਦੀਪ ਸਿੰਘ ਛਾਪੜੀ ਸਾਹਿਬ ਦੀ ਧਰਮਪਤਨੀ ਬੀਬੀ ਚਰਨ ਕੌਰ ਪ੍ਰਮਾਤਮਾ ਦੇ ਹੁਕਮ ਅਨੁਸਾਰ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦਿਆਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਰਵਿੰਦਰ ਸਿੰਘ ਬ੍ਰਹਮਪੁਰਾ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਖਡੂਰ ਸਾਹਿਬ ਨੇ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਬੀਬੀ ਚਰਨ ਕੌਰ ਦੇ ਪਤੀ ਗੁਰਦੀਪ ਸਿੰਘ ਛਾਪੜੀ ਸਾਹਿਬ ਅਤੇ ਬੇਟੇ ਤਰਸੇਮ ਸਿੰਘ ਛਾਪੜੀ ਸਾਹਿਬ ਅਤੇ ਪੋਤਰੇ ਸਾਹਿਲਦੀਪ ਸਿੰਘ ਅਤੇ ਹੋਰਨਾਂ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਬਖਸ਼ੀਸ਼ ਸਿੰਘ ਨੰਬਰਦਾਰ, ਗੁਰਸ਼ਰਨ ਸਿੰਘ, ਬਖਸ਼ੀਸ਼ ਸਿੰਘ ਢਿੱਲੋਂ, ਸਤਵੰਤ ਸਿੰਘ ਅਤੇ ਹੋਰ ਮੋਹਤਬਰ ਸੱਜਣ ਹਾਜ਼ਰ ਸਨ। ਇਸ ਮੌਕੇ ਪ੍ਰਮਾਤਮਾ ਦੇ ਚਰਨਾਂ ਵਿਚ ਵਿਛੜੀ ਹੋਈ ਰੂਹ ਨੂੰ ਸਦੀਵੀ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।

ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

ਮਜੀਠਾ (ਸੋਇਮ ਆਨੰਦ)-ਨਰੇਗਾ ਮਜ਼ਦੂਰ ਯੂਨੀਅਨ ਬਲਾਕ ਮਜੀਠਾ ਦੇ ਮਜ਼ਦੂਰਾਂ ਨੇ ਕਾਮਰੇਡ ਸੇਵਾ ਸਿੰਘ ਤੇ ਸਰਬਜੀਤ ਸਿੰਘ ਮੱਝਵਿੰਡ ਦੀ ਅਗਵਾਈ ਹੇਠ ਪਿੰਡ ਮੁੱਘੋਸੋਹੀ ਬਲਾਕ ਮਜੀਠਾ ਵਿਖੇ ਇੱਕ ਭਰਵੀਂ ਮੀਟਿੰਗ ਕਰਵਾਈ ਗਈ ਜਿਸਨੂੰ ਕਾਮਰੇਡ ਲਖਵਿੰਦਰ ਸਿੰਘ ਗੋਪਾਲਪੁਰਾ ਨੇ ਸੰਬੋਧਨ ਕਰਦਿਆਂ ਡਾਕਟਰ ਭੀਮਰਾਓ ਅੰਬੇਦਕਰ ਦੇ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਡਾਕਟਰ ਸਾਹਿਬ ਨੇ ਦੇਸ਼ ਨੂੰ ਸੰਵਿਧਾਨ ਲਿਖ ਕੇ ਦੇਣ ਦੇ ਨਾਲ ਕਿਰਤੀ ਅਤੇ ਮਜ਼ਦੂਰ ਲੋਕਾਂ ਨੂੰ ਵੱਧ ਅਧਿਕਾਰ ਦੇਣ ਵਾਸਤੇ ਰਾਖਵਾਂ ਕਰਨ ਦੇਣ ਦੀ ਪੁਰਜ਼ੋਰ ਵਕਾਲਤ ਕੀਤੀ। ਮੀਟਿੰਗ ਵਿੱਚ ਕੁਲਵਿੰਦਰ ਕੌਰ, ਸਰਬਜੀਤ ਕੌਰ, ਪ੍ਰਮਜੀਤ ਕੌਰ ਪੰਮੀ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ। ਦਲਬੀਰ ਕੌਰ, ਪੰਮੀ, ਸ਼ਾਂਤੀ ਦੇਵੀ, ਕੇਸੋ, ਲਖਵਿੰਦਰ ਕੌਰ ਤੇ ਰਾਜ ਕੌਰ ਗੋਪਾਲਪੁਰਾ ਸਾਥੀਆਂ ਸਮੇਤ ਹਾਜ਼ਰ ਹੋਏ। ਇਸ ਮੌਕੇ ਸੇਵਾ ਸਿੰਘ ਨੇ ਯਾਦੂ ਦੇ ਟਰਿਕ ਵੀ ਦਿਖਾਏ। ਕਾਮਰੇਡ ਸਰਬਜੀਤ ਸਿੰਘ ਨੇ ਜਨਮ ਦਿਹਾੜੇ ਵਿੱਚ ਆਉਣ ਵਾਲਿਆਂ ਦਾ ਧੰਨਵਾਦ ਕੀਤਾ।

ਸੰਵਿਧਾਨ ਨਿਰਮਾਤਾ ਡਾ. ਭੀਮਰਾਓ ਅੰਬੇਡਕਰ ਦੀ 132ਵੀਂ ਜਯੰਤੀ ਮਨਾਈ

ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)

ਡਾ. ਭੀਮਰਾਓ ਅੰਬੇਡਕਰ ਦੀ 132ਵੀਂ ਜਯੰਤੀ ਗ੍ਰਾਮ ਪੰਚਾਇਤ ਗੋਇੰਦਵਾਲ ਸਾਹਿਬ ਦੇ ਸਹਿਯੋਗ ਨਾਲ ਪਹਿਲੀ ਵਾਰ ਪਿੰਡ ਵਾਸੀਆਂ ਵੱਲੋਂ ਮਨਾਈ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਔਲਖ, ਜਥੇਦਾਰ ਪ੍ਰੇਮ ਸਿੰਘ ਪੰਨੂ, ਭੁਪਿੰਦਰ ਸਿੰਘ ਪੰਪ ਵਾਲੇ, ਸਰਪੰਚ ਕੁਲਦੀਪ ਸਿੰਘ ਲਾਹੌਰੀਆ, ਸਰਪੰਚ ਸਵਰਨ ਸਿੰਘ ਧੂੰਦਾ, ਸਰਪੰਚ ਸੁਖਜਿੰਦਰ ਸਿੰਘ ਨਿੱਕੂ ਸਫਰੀ ਅਤੇ ਗੁਰਲਾਲ ਰੂਹਾਨੀ ਦੀਪਕ ਕੁਮਾਰ ਖੰਨਾ ਬੀਐਚਈਐਲ, ਕੁਬੇਰ ਸਿੰਘ ਬੀਐਚਈਐਲ ਆਦਿ ਨੇ ਸੰਬੋਧਨ ਕਰਦਿਆਂ ਦੱਸਿਆ

18-April-PAGE-4.qxd 4/17/2023 10:44 PM Page 1

ਨਵਾਂ ਜ਼ਮਾਨਾ
ਮੰਗਲਵਾਰ, 18 ਅਪ੍ਰੈਲ 2023

ਯੂ ਪੀ ਦੇ ਵਿਧਾਇਕਾਂ ਦਾ ਰਿਕਾਰਡ

ਕਦੇ ਵਿਧਾਇਕ ਤੇ ਸਾਂਸਦ ਰਹੇ ਗੈਂਗਸਟਰ ਅਤੀਕ ਅਹਿਮਦ ਦੀ ਪੁਲਸ ਹਿਰਾਸਤ 'ਚ ਹੱਤਿਆ ਦੇ ਬਾਅਦ ਯੂ ਪੀ 'ਚ ਅਪਰਾਧੀਆਂ ਤੇ ਸਿਆਸਤ ਦੇ ਰਿਸ਼ਤੇ 'ਤੇ ਚਰਚਾ ਹੋ ਰਹੀ ਹੈ। ਯੂ ਪੀ ਵਿਧਾਨ ਸਭਾ ਵਿਚ 51 ਫੀਸਦੀ ਵਿਧਾਇਕ ਅਜਿਹੇ ਹਨ, ਜਿਨ੍ਹਾਂ ਖਿਲਾਫ ਫੌਜਦਾਰੀ ਮਾਮਲੇ ਦਰਜ ਹਨ। ਚੋਣ ਸੁਧਾਰਾਂ ਲਈ ਕੰਮ ਕਰਨ ਵਾਲੀ ਨਿੱਜੀ ਸੰਸਥਾ ਐਸੋਸੀਏਸ਼ਨ ਫਾਰ ਡੈਮੋਕਰਟਿਕ ਰਿਫਾਰਮਜ਼ (ਏ ਡੀ ਆਰ) ਨੇ 2022 ਵਿਚ ਹੋਈਆਂ ਯੂ ਪੀ ਵਿਧਾਨ ਸਭਾ ਚੋਣਾਂ ਜਿੱਤਣ ਵਾਲੇ ਉਮੀਦਵਾਰਾਂ ਦੇ ਹਲਫਨਾਮਿਆਂ ਦੇ ਆਧਾਰ 'ਤੇ ਦੱਸਿਆ ਹੈ ਕਿ 403 ਵਿਧਾਇਕਾਂ ਵਿੱਚੋਂ 205 ਯਾਨੀ 51 ਫੀਸਦੀ ਨੇ ਮੰਨਿਆ ਕਿ ਉਨ੍ਹਾਂ ਖਿਲਾਫ ਫੌਜਦਾਰੀ ਮਾਮਲੇ ਦਰਜ ਹਨ। ਇਹੀ ਨਹੀਂ, 403 ਵਿੱਚੋਂ 158 ਯਾਨੀ 39 ਫੀਸਦੀ ਵਿਧਾਇਕਾਂ ਦੇ ਖਿਲਾਫ ਹੱਤਿਆ, ਹੱਤਿਆ ਦੀ ਕੋਸ਼ਿਸ਼, ਬਲਾਤਕਾਰ ਤੇ ਅਗਵਾ ਵਰਗੇ ਸੰਗੀਨ ਫੌਜਦਾਰੀ ਮਾਮਲੇ ਦਰਜ ਹਨ। ਜਿਨ੍ਹਾਂ ਪੰਜ ਵਿਧਾਇਕਾਂ ਖਿਲਾਫ ਹੱਤਿਆ ਦੇ ਮਾਮਲੇ ਹਨ, ਉਨ੍ਹਾਂ ਵਿਚ ਤਿੰਨ ਸਮਾਜਵਾਦੀ ਪਾਰਟੀ ਤੇ ਦੋ ਭਾਜਪਾ ਦੇ ਹਨ। ਕੁਲ 29 ਵਿਧਾਇਕਾਂ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਦਰਜ ਸਨ, 6 ਵਿਧਾਇਕਾਂ ਵਿਰੁੱਧ ਮਹਿਲਾਵਾਂ ਨਾਲ ਅਪਰਾਧ ਦੇ ਮਾਮਲੇ ਦਰਜ ਸਨ, ਜਿਨ੍ਹਾਂ ਵਿੱਚੋਂ ਇਕ ਖਿਲਾਫ ਤਾਂ ਬਲਾਤਕਾਰ ਦਾ ਮਾਮਲਾ ਸੀ। ਇਹ ਵਿਧਾਇਕ ਭਾਜਪਾ ਦੇ ਹਨ। ਸੰਗੀਨ ਅਪਰਾਧਾਂ ਦੇ ਮਾਮਲੇ ਭੁਗਤ ਰਹੇ ਸਭ ਤੋਂ ਵੱਧ ਵਿਧਾਇਕ ਭਾਜਪਾ ਦੇ ਹਨ। ਭਾਜਪਾ ਦੇ ਅਜਿਹੇ 90 ਵਿਧਾਇਕ ਹਨ, ਜਦਕਿ ਸਮਾਜਵਾਦੀ ਪਾਰਟੀ ਦੇ 48 ਅਤੇ ਕਾਂਗਰਸ ਦੇ ਦੋ ਤੇ ਬਸਪਾ ਦੇ ਇਕ। ਕਈ ਵਿਧਾਇਕ ਤਾਂ ਅਜਿਹੇ ਹਨ, ਜਿਨ੍ਹਾਂ ਖਿਲਾਫ ਇਕ-ਦੋ ਨਹੀਂ, ਸਗੋਂ ਅਨੇਕਾਂ ਮਾਮਲੇ ਦਰਜ ਹਨ। ਇਕ ਵਿਧਾਇਕ ਅਜਿਹਾ ਹੈ, ਜਿਸ ਵਿਰੁੱਧ 87 ਮਾਮਲੇ ਦਰਜ ਹਨ। ਯੂ ਪੀ ਵਿਚ ਲੰਬੇ ਸਮੇਂ ਤੋਂ ਸਿਆਸੀ ਪਾਰਟੀਆਂ ਗੈਂਗਸਟਰਾਂ ਦੀ ਸਰਪ੍ਰਸਤੀ ਕਰਦੀਆਂ ਆਈਆਂ ਹਨ। 15 ਅਪ੍ਰੈਲ ਦੀ ਰਾਤ ਪੁਲਸ ਹਿਰਾਸਤ 'ਚ ਮਾਰੇ ਗਏ ਅਤੀਕ ਅਹਿਮਦ ਦਾ ਵੀ ਅਜਿਹਾ ਹੀ ਪਿਛੋਕੜ ਸੀ। ਅਤੀਕ ਗੈਂਗਸਟਰ ਹੋਣ ਦੇ ਨਾਲ-ਨਾਲ ਪੰਜ ਵਾਰ ਯੂ ਪੀ ਵਿਧਾਨ ਸਭਾ ਤੇ ਇਕ ਵਾਰ ਲੋਕ ਸਭਾ ਦਾ ਮੈਂਬਰ ਰਿਹਾ।

ਪੁਲਸ ਪਹਿਰੇ ਵਿਚ ਅਤੀਕ ਦੀ ਹੱਤਿਆ ਬਾਰੇ ਤਰ੍ਹਾਂ-ਤਰ੍ਹਾਂ ਦੇ ਸ਼ੱਕ ਪ੍ਰਗਟਾਏ ਜਾ ਰਹੇ ਹਨ ਤੇ ਹੱਤਿਆ ਦੀ ਨਿਰਪੱਖ ਜਾਂਚ ਦੀ ਮੰਗ ਉਠ ਰਹੀ ਹੈ। ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ 'ਚ ਮਾਮਲੇ ਦੀ ਸੁਪਰੀਮ ਕੋਰਟ ਦੇ ਕਿਸੇ ਰਿਟਾਇਰਡ ਜੱਜ ਦੀ ਅਗਵਾਈ ਵਾਲੀ ਸਪੈਸ਼ਲ ਕਮੇਟੀ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿਚ ਇਹ ਵੀ ਅਪੀਲ ਕੀਤੀ ਗਈ ਹੈ ਕਿ 2017 ਵਿਚ ਯੋਗੀ ਸਰਕਾਰ ਆਉਣ ਤੋਂ ਹੁਣ ਤੱਕ ਸਾਰੇ 183 ਮੁਕਾਬਲਿਆਂ ਦੀ ਜਾਂਚ ਕਰਵਾਈ ਜਾਏ। ਯੂ ਪੀ ਪੁਲਸ ਦੇ ਅਫਸਰਾਂ ਨੇ ਖੁਦ ਦੱਸਿਆ ਹੈ ਕਿ ਮਾਰਚ 2017 ਤੋਂ ਸ਼ੁਰੂ ਯੋਗੀ ਆਦਿਤਿਆ ਨਾਥ ਸਰਕਾਰ ਦੇ ਕਾਰਜਕਾਲ ਵਿਚ 183 ਮੁਕਾਬਲੇ ਹੋ ਚੁੱਕੇ ਹਨ। ਹਾਲਾਂਕਿ ਯੋਗੀ ਸਰਕਾਰ ਨੇ ਅਤੀਕ ਤੇ ਉਸ ਦੇ ਭਰਾ ਦੇ ਪੁਲਸ ਹਿਰਾਸਤ ਦੌਰਾਨ ਮਾਰੇ ਜਾਣ ਦੇ ਜਾਂਚ ਲਈ ਜੁਡੀਸ਼ੀਅਲ ਕਮਿਸ਼ਨ ਕਾਇਮ ਕਰ ਦਿੱਤਾ ਹੈ, ਬਿਹਤਰ ਹੋਵੇਗਾ ਕਿ ਸੁਪਰੀਮ ਕੋਰਟ ਯੋਗੀ ਕਾਲ ਦੌਰਾਨ ਹੋਏ ਸਾਰੇ ਮੁਕਾਬਲਿਆਂ ਦੀ ਜਾਂਚ ਆਪਣੀ ਨਿਗਰਾਨੀ 'ਚ ਕਰਵਾਏ, ਤਾਂ ਕਿ ਸਾਫ ਹੋ ਸਕੇ ਕਿ ਕਿੰਨੇ ਮੁਕਾਬਲੇ ਅਸਲੀ ਸਨ ਤੇ ਕਿੰਨੇ ਫਰਜ਼ੀ।

ਜ਼ਿਮਨੀ ਚੋਣ ਨਾ ਮੁੱਕਣਾ ਰੋਣਾ

ਕੈਂਡੀਡੇਟਾਂ ਨੂੰ ਕਾਹਲ ਜਿਹੀ ਪੈਣ ਲੱਗੀ,
ਵਗਦੀ ਗੰਗਾ ਦੇ ਵਿੱਚ ਹੱਥ ਧੋਣ ਵਾਲੀ।
ਖੁਸ਼ੀ ਝਲਕਦੀ ਚਿਹਰੇ ਨਸ਼ੇੜੀਆਂ ਦੇ,
ਵੋਟ-ਮੰਗਤਿਆਂ ਤਾਈਂ ਜੋ 'ਚੋਣ' ਵਾਲੀ।
ਸੱਤਾ ਪੱਖ ਦੀ ਜਿੱਤ ਜਾਂ ਹਾਰ ਹੋ ਜਏ,
ਕੁਰਸੀ ਕੋਲ ਹੀ ਰਹਿਣੀ ਨਾ ਖੋਣ ਵਾਲੀ।
ਨਾ ਹੀ ਸਾਰੇ ਪੰਜਾਬ 'ਤੇ ਥੋਪ ਹੋਣੀ,
ਇੱਕੋ ਹਲਕੇ ਦੇ ਲੋਕਾਂ ਨੂੰ ਟੋਹਣ ਵਾਲੀ।
ਹਾਲਤ ਹੋਈ ਐ ਹਲਕੇ ਦੇ ਵੋਟਰਾਂ ਦੀ,
'ਬੋਝ' ਪਿੱਠ 'ਤੇ ਆ ਪਿਆ ਢੋਣ ਵਾਲੀ।
ਗਲ ਪਿਆ ਢੋਲ ਹੀ ਦੋਸਤੋ ਜਾਪਦੀ ਏ,
ਜ਼ਿਮਨੀ ਚੋਣ ਜਲੰਧਰ ਦੀ ਹੋਣ ਵਾਲੀ।

-ਤਰਲੋਚਨ ਸਿੰਘ ਦੁਪਾਲਪੁਰ, 78146-92724

ਹਿੰਦੂ ਰਾਸ਼ਟਰ ਕਿਉਂ ਸਵੀਕਾਰ ਨਹੀਂ

ਸੁੱਚਾ ਸਿੰਘ ਖੱਟੜਾ

ਨਵਾਂ ਜ਼ਮਾਨਾ ਦੇ ਇਨ੍ਹਾਂ ਕਾਲਮਾਂ ਵਿੱਚ ਛਪੇ "ਹਿੰਦੂ ਰਾਸ਼ਟਰ ਕਿਉਂ ਸਵੀਕਾਰ ਨਹੀਂ" ਨਾਂਅ ਦੇ ਆਰਟੀਕਲ ਦੇ ਆਖ਼ਰੀ ਪਹਿਰੇ ਵਿੱਚ ਅਸੀਂ ਹਿੰਦੂ ਰਾਸ਼ਟਰ ਨੂੰ ਅਸਵੀਕਾਰ ਕਰਨ ਨੂੰ ਭਾਰਤੀ ਸੰਵਿਧਾਨ ਵਿਚਲੀ ਧਰਮ ਨਿਰਪੱਖਤਾ ਅਤੇ ਫੈਡਰਲਿਜ਼ਮ ਨਾਲ ਟਕਰਾਅ ਦੀ ਰੋਸ਼ਨੀ ਵਿੱਚ ਵਿਚਾਰਨ ਲਈ ਲਿਖਿਆ ਸੀ। ਉਸੇ ਆਰਟੀਕਲ ਵਿੱਚ ਅਸੀਂ ਇਸ ਹਿੰਦੂ ਰਾਸ਼ਟਰਵਾਦ ਨੂੰ ਭਾਰਤ/ਹਿੰਦੁਸਤਾਨ ਦੇ ਜੜ੍ਹ ਸਰੂਪ ਨੂੰ ਵਿਗਸਣ, ਉਸਰਨ ਦੀ ਉਸ ਲੰਬੇ ਸੰਘਰਸ਼ ਭਰੇ ਦੌਰ ਦੇ ਅੰਗ-ਸੰਗ ਰੱਖ ਕੇ ਸਮਝਣ ਦੀ ਗੱਲ ਵੀ ਕੀਤੀ ਸੀ। ਹਾਂ, ਇਸ ਸੰਬੰਧ ਵਿੱਚ ਅਸੀਂ ਨਹਿਰੂ (ਪੰਡਿਤ ਜਵਾਹਰ ਲਾਲ ਨਹਿਰੂ-ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ) ਦਾ ਜ਼ਿਕਰ ਵੀ ਕੀਤਾ ਸੀ। ਕੁਝ ਸਾਥੀਆਂ ਨੂੰ ਆਰ ਐੱਸ ਐੱਸ ਦੇ ਹਿੰਦੂ ਰਾਸ਼ਟਰਵਾਦ ਸੰਬੰਧੀ ਮੇਰੇ ਵੱਲੋਂ ਲਿਖਦਿਆਂ ਨਹਿਰੂ ਦਾ ਨਾਂਅ ਲੈਣਾ ਅਟਪਟਾ ਲੱਗਿਆ ਹੋਵੇਗਾ। ਇਹ ਉਨ੍ਹਾਂ ਦੀ ਹੀ ਸਮੱਸਿਆ ਨਹੀਂ ਹੈ। ਇਹ ਹਿੰਦੂ ਰਾਸ਼ਟਰਵਾਦ ਵਿਰੁੱਧ ਲੜਾਈ ਦੀ ਸਮੱਸਿਆ ਤੋਂ ਵੱਧ ਕਮਜ਼ੋਰੀ ਵੀ ਹੈ। ਜਦੋਂ ਅਸੀਂ "ਨਾ ਹਿੰਦੂ ਰਾਸ਼ਟਰ ਨਾ ਖਾਲਿਸਤਾਨ-ਜੁੱਗ ਜੁੱਗ ਜੀਵੇ ਹਿੰਦੋਸਤਾਨ" ਦਾ ਨਾਹਰਾ ਲਾਉਂਦੇ ਹਾਂ ਤਾਂ ਅਸੀਂ ਕਿਹੜੇ 'ਹਿੰਦੁਸਤਾਨ ਦੇ ਜੁਗੋ ਜੁੱਗ ਜਿਉਣ ਦੀ ਗੱਲ ਕਰਦੇ ਹਾਂ? ਜਦੋਂ ਸੋਚੋਗੇ ਤਾਂ ਪਤਾ ਲੱਗੇਗਾ ਕਿ ਸਾਡੇ ਨਾਅਰੇ ਵਿੱਚ ਸ਼ਬਦ ਤਾਂ ਹਨ, ਸਾਡੀ ਸੁਰ ਅਤੇ ਅਵਾਜ਼ ਵੀ ਹੈ, ਪਰ ਉਹ ਜਾਨ ਅਤੇ ਰੂਹ ਨਹੀਂ, ਜਿਹੜੀ ਸਾਨੂੰ ਆਰ ਐੱਸ ਐੱਸ ਦੇ ਹਿੰਦੂ ਰਾਸ਼ਟਰ ਨੂੰ ਸਮਝਣ ਲਈ ਬੇਚੈਨ ਕਰੇ।

ਆਰ ਐੱਸ ਐੱਸ ਦੇ ਹਿੰਦੂ ਰਾਸ਼ਟਰ ਬਣ ਜਾਣ ਅਤੇ ਬਣਦਿਆਂ ਜਿਸ ਫਾਸ਼ੀਵਾਦ ਨੂੰ ਅਸੀਂ ਵੇਖ ਅਤੇ ਸਹਾਰ ਰਹੇ ਹਾਂ। ਇਹ ਦੀ ਵਿਆਖਿਆ ਅੰਤਰ-ਰਾਸ਼ਟਰੀ ਵਿਦਵਾਨਾਂ ਦੀਆਂ ਟਿੱਪਣੀਆਂ ਤੋਂ ਕਰਨ ਦੀ ਲੋੜ ਉੱਕਾ ਹੀ ਘੱਟ, ਪਰ ਭਾਰਤੀ ਸੰਧਰਕਾਂ ਤੋਂ ਵੱਧ ਕਰਨ ਦੀ ਲੋੜ ਹੈ। ਬਿਨਾਂ ਸ਼ੱਕ ਇਹਨੂੰ ਪਛਾੜਨ ਲਈ ਅਗਵਾਈ ਮਿਹਨਤਕਸ਼ਾਂ ਨੂੰ ਆਪਣੇ ਹੱਥ ਲੈਣੀ ਪਊ, 2020-21 ਕਿਸਾਨ ਮੋਰਚਾ ਦਿੱਲੀ ਦਾ ਆਪਣਾ ਹੀ ਟੁੱਟਣਾ ਇਸ ਕਰਕੇ ਹੋਇਆ ਕਿ ਮੋਰਚੇ ਦਾ ਆਧਾਰ ਭਾਵੇਂ ਆਰਥਿਕ ਮੰਗਾਂ ਸਨ, ਜਨ-ਸਮੂਹਾਂ ਦੇ ਵੱਡੇ ਹਿੱਸਿਆਂ ਨੂੰ ਆਪਣੇ ਨਾਲ ਜੋੜਦਾ ਵੀ ਸੀ ਪਰ ਫਿਰ ਵੀ ਇਸ ਕਰਕੇ ਟੁੱਟ ਗਿਆ ਕਿਉਂਕਿ ਭਾਜਪਾ ਦੀ ਫਾਸ਼ੀਵਾਦੀ ਸਰਕਾਰ ਦੇ ਸਰੋਤ ਦਾ ਗਿਆਨ ਨਹੀਂ ਸੀ। ਆਪਣੇ ਭਾਰਤ, ਹਿੰਦੋਸਤਾਨ ਦੇ ਜਨਮ ਤੋਂ ਅੱਜ ਤੱਕ ਦੇ ਸਰੂਪ ਤੱਕ ਪਹੁੰਚਣ ਦੀ ਬਾਤ ਤਾਂ ਸਮਝਣੀ ਪਊ। ਭਾਰਤ ਇੱਕ ਭੂਗੋਲਿਕ ਇਕਾਈ ਹੀ ਨਹੀਂ ਹੈ, ਨਾ ਹੀ ਇਹ ਵੱਖ-ਵੱਖ ਸੂਬਿਆਂ ਤੋਂ ਮਿਲ ਕੇ ਬਣਿਆ ਹੈ। ਇਹ ਬਹੁਤਾ ਕੁਝ ਹੋਰ ਵੀ ਹੈ। ਉਸੇ ਨੂੰ ਸਮਝਣ ਲਈ ਮੈਂ ਨਹਿਰੂ ਦਾ ਨਾਂਅ ਲਿਆ ਸੀ। ਡਿਸਕਵਰੀ ਆਫ਼ ਇੰਡੀਆ 633 ਪੰਨਿਆਂ ਦੀ ਉਹ ਕਿਤਾਬ ਹੈ, ਜਿਹੜੀ ਉਹਨੇ 1942 ਤੋਂ 1945 ਵਿਚਕਾਰ ਅਹਿਮਦ ਨਗਰ ਕਿਲ੍ਹੇ ਵਿੱਚ ਆਪਣੀ ਜੇਲ੍ਹ ਸਮੇਂ ਲਿਖੀ ਅਤੇ ਆਪਣੇ ਯੁੱਧ ਸਾਥੀਆਂ ਅਤੇ ਸਾਥੀ ਕੈਦੀਆਂ ਨੂੰ ਸਮਰਪਿਤ ਕੀਤੀ। ਇਕ ਭਾਰਤ/ਹਿੰਦੁਸਤਾਨ ਦਾ ਸਰੂਪ ਇਸ ਵੱਡ-ਅਕਾਰੀ ਪੁਸਤਕ ਵਿੱਚ ਹੈ, ਜੋ ਹੜੱਪਾ ਮੋਹਿਂਜੋਦੜੋ ਸੱਭਿਅਤਾ ਤੋਂ ਵੀ ਪਹਿਲਾਂ ਵੇਦਾਂ ਤੋਂ ਸ਼ੁਰੂ 1945 ਤੱਕ ਬਣਦਾ ਆਇਆ, ਇੱਕ ਹਿੰਦੁਸਥਾਨ (ਗੋਲਵਾਲਕਰ ਇਸ ਨੂੰ ਕਿਤੇ ਵੀ ਹਿੰਦੁਸਤਾਨ ਜਾਂ ਹਿੰਦੋਸਤਾਨ ਨਹੀਂ ਲਿਖਦਾ) ਗੋਲਵਾਲਕਰ ਦੀ 1939 ਵਿੱਚ ਲਿਖੀ WE OR OUR NATIONHOOD DEFINED ਨਾਂਅ ਦੀ ਕਿਤਾਬ ਵਿੱਚ ਹੈ। ਇੱਕ ਵਿਚਾਰ ਭਾਰਤ ਨੂੰ ਸਭ ਧਰਮਾਂ, ਤਬਕਿਆਂ ਜਾਤਾਂ ਦੁਆਰਾ ਉਸਾਰਿਆ ਮੰਨਦਾ ਹੈ ਅਤੇ ਦੇਸ਼ ਨੂੰ ਅਜਿਹਾ ਸੰਵਿਧਾਨ ਦੇਣ ਦਾ ਅਧਾਰ ਬਣਦਾ ਹੈ, ਜਿਹੜਾ ਸਭ ਨਾਗਰਿਕਾਂ ਨੂੰ ਧਰਮ, ਜਾਤ, ਰੰਗ, ਲਿੰਗ ਸਭ ਲਈ ਬਰਾਬਰ ਦੇ ਮੁਢਲੇ ਅਧਿਕਾਰ ਦਿੰਦਾ ਹੈ। ਦੂਜਾ ਵਿਚਾਰ ਦੇਸ਼ ਲਈ ਉਸ ਸੰਵਿਧਾਨ ਦੀ ਵਕਾਲਤ ਕਰਦਾ ਹੈ ਜੋ ਜਾਤਾਂ ਨੂੰ ਬਰਕਰਾਰ ਰੱਖਣ ਲਈ ਅਤੇ ਹਿੰਦੂ ਧਰਮ ਤੋਂ ਬਿਨਾਂ ਬਾਕੀ ਸਭ ਧਰਮਾਂ ਤੋਂ ਛੁਟਕਾਰਾ ਪਾਉਣ ਲਈ ਮਨੂੰਸਮ੍ਰਿਤੀ ਨੂੰ ਅਧਾਰ ਬਣਾਉਂਦਾ ਹੈ।

ਕੁਝ ਮਿੱਤਰ ਪ੍ਰਸ਼ਨ ਕਰਦੇ ਹਨ ਕਿ ਆਰ ਐੱਸ ਐੱਸ ਦਾ 1925 ਵਿੱਚ ਗਠਨ ਹੋਇਆ, ਇਨ੍ਹੇ ਅਜ਼ਾਦੀ ਸੰਘਰਸ਼ ਲਈ ਨਰਮ ਦਲ (ਕਾਂਗਰਸ) ਜਾਂ ਇਨਕਲਾਬੀ ਕਿਸੇ ਧਾਰਾ ਵਿੱਚ ਹਿੱਸਾ ਕਿਉਂ ਨਹੀਂ ਲਿਆ, ਉਲਟਾ ਅੰਗਰੇਜ਼ਾਂ ਦਾ ਸਾਥ ਕਿਉਂ ਦਿੱਤਾ ਅਤੇ ਅਜ਼ਾਦੀ ਸੰਘਰਸ਼ ਦਾ ਵਿਰੋਧ ਕਿਉਂ ਕੀਤਾ? ਇਹ ਵਿਸ਼ਾ ਵੱਖਰੇ ਆਰਟੀਕਲ ਦੀ ਮੰਗ ਕਰਦਾ ਹੈ, ਪਰ ਉੱਤਰ ਇਨ੍ਹਾਂ ਦੋ ਅੰਕਤ ਪੁਸਤਕਾਂ ਵਿੱਚ ਹੀ ਹੈ। ਉਂਝ ਆਰ ਐੱਸ ਐੱਸ ਵਿਰੁੱਧ ਕਿਸੇ ਵੀ ਕਿਸਮ ਦਾ ਵਿਰੋਧ ਖਾਨਾਪੂਰਤੀ ਹੀ ਹੈ, ਜਦੋਂ ਤੱਕ ਤਹਿ ਤੱਕ ਪਹੁੰਚਿਆ ਨਹੀਂ ਜਾਂਦਾ।

ਇਸਾਈ ਚਰਚਾ, ਗਿਰਜਾ ਘਰਾਂ ਅਤੇ ਇਸਾਈ ਮਿਸ਼ਨਰੀ ਸਕੂਲਾਂ ਜਾਂ ਕਬਾਇਲੀ ਖੇਤਰਾਂ ਵਿੱਚ ਇਸਾਈ ਮਿਸ਼ਨਰੀ ਨੂੰ ਉਸ ਦੇ ਪੁੱਤਰਾਂ ਸਮੇਤ ਗੱਡੀ ਵਿੱਚ ਫੂਕ ਦੇਣਾ, ਮੁਸਲਮਾਨਾਂ ਨੂੰ ਕਿਸੇ ਵੀ ਬਹਾਨੇ ਕੁੱਟ-ਕੁੱਟ ਮਾਰ ਦੇਣਾ, ਮੁਸਲਮਾਨ ਬਜ਼ੁਰਗਾਂ ਦੀਆਂ ਦਾਹੜੀਆਂ ਨੋਚਣਾ, ਉਨ੍ਹਾ ਦੇ ਘਰ ਜਲਾਉਣੇ, ਘਰਾਂ ਉਤੇ ਬੁਲਡੋਜ਼ਰ ਚਲਾਉਣੇ, ਮੁਸਲਮਾਨ ਔਰਤਾਂ ਨੂੰ ਕਬਰਾਂ ਤੱਕ ਵਿੱਚੋਂ ਕੱਢ ਕੇ ਉਨ੍ਹਾ ਦਾ ਬਲਾਤਕਾਰ ਕਰਨ ਦੇ ਨਾਅਰੇ ਦੇਣੇ, ਮਸੀਤਾਂ, ਮਸਜਿਦਾਂ ਉਤੇ ਹਮਲੇ ਅਤੇ ਵਾਰ-ਵਾਰ ਉਨ੍ਹਾ ਨੂੰ ਪਾਕਿਸਤਾਨ ਜਾਣ ਲਈ ਕਹਿਣਾ ਅਤੇ ਉਹ ਨੂੰ ਦੇਸ਼ ਦੇ ਲੱਗਭੱਗ ਹਰ ਪੱਧਰ ਦੇ ਸਿਆਸੀ ਮੰਚਾਂ ਤੋਂ ਗਾਇਬ ਕਰਨਾ ਹਿੰਦੂ ਰਾਸ਼ਟਰ ਦੀ ਪ੍ਰਾਪਤੀ ਵੱਲ ਕਦਮ ਹਨ। ਇਹ ਸਾਰਾ ਕੁਝ ਹਿੰਦੂ ਰਾਸ਼ਟਰ ਲਈ ਇੱਕ ਧਰਮ (ਹਿੰਦੂ ਧਰਮ), ਇੱਕ ਨਸਲ (ਆਰੀਆ) ਇੱਕ ਪਿਤਰ ਭੂਮੀ (ਹਿੰਦੁਸਥਾਨ) ਦੇ ਸਿਧਾਂਤ ਤੋਂ ਪੈਦਾ ਹੋਏ ਹਿੰਦੂ ਰਾਸ਼ਟਰ ਦੇ ਸੰਕਲਪ ਦਾ ਸਿੱਟਾ ਹੈ। ਇਸਾਈਆ ਦੀ ਨਸਲ ਭਾਰਤ ਦੇ ਮੂਲ ਆਰੀਆ ਨਸਲ ਦੇ ਨਹੀਂ, ਧਰਮ ਤਾਂ ਹਿੰਦੂ ਹੈ ਹੀ ਨਹੀਂ। ਇੱਕ ਇਸਲਾਮ, ਦੂਜਾ ਇਸਾਈ ਧਰਮ ਹੈ। ਆਰ ਐੱਸ ਐੱਸ ਭਾਰਤ ਦੇ ਮੁਸਲਮਾਨਾਂ ਨੂੰ ਵੀ ਗੈਰ ਆਰੀਆ ਨਸਲ ਮੰਨਦਾ ਹੈ।

ਇਹ ਦੋ ਵਰਗਾ ਹੀ ਮੁੱਦਾ ਭਾਸ਼ਾ ਦਾ ਹੈ। ਹਿੰਦੂ ਰਾਸ਼ਟਰ ਅਨੁਸਾਰ ਹਿੰਦੂ ਰਾਸ਼ਟਰ ਦੀ ਮੂਲ ਭਾਸ਼ਾ ਸੰਸਕ੍ਰਿਤ ਅਤੇ ਹੁਣ ਹਿੰਦੀ ਵੀ ਹੈ। ਪੰਜਾਬੀ ਸੂਬਾ ਬਣਾਉਣ ਲਈ ਸੰਘਰਸ਼ ਦੀਆਂ ਕਨਸੋਆਂ ਉਤੇ ਹੀ ਆਰ ਐੱਸ ਐੱਸ ਦੀ ਉਸ ਸਮੇਂ ਦੀ ਸਿਆਸੀ ਸ਼ਾਖਾ ਜਨਸੰਘ, ਉਸ ਨਾਲ ਜੁੜੀ ਅਖ਼ਬਾਰ ਅਤੇ ਇਸ ਨਾਲ ਜੁੜੀਆਂ ਹਰ ਤਰ੍ਹਾਂ ਦੀਆਂ ਸਭਾ ਸੁਸਾਇਟੀਆਂ ਅਤੇ ਕਮੇਟੀਆਂ ਨੇ ਪੰਜਾਬ ਦੇ ਹਿੰਦੂਆਂ ਨੂੰ ਮਾਤਰ ਭਾਸ਼ਾ ਪੰਜਾਬੀ ਦੀ ਥਾਂ ਹੈ ਹਿੰਦੀ ਲਿਖਵਾਉਣ ਲਈ ਵੱਧ-ਚੜ੍ਹ ਕੇ ਪ੍ਰਚਾਰਿਆ। ਇਹ ਆਰ ਐੱਸ ਐੱਸ ਦੇ ਹਿੰਦੂ ਰਾਸ਼ਟਰਵਾਦ ਤੋਂ ਪ੍ਰੇਰਿਤ ਹੀ ਸੀ। ਅਸੀਂ ਸਭ ਪਾਰਟੀਆਂ ਵਾਲੇ ਪੰਜਾਬੀ ਸੂਬਾ ਬਣਨ ਉਪਰੰਤ ਸਭ ਕੁਝ ਭੁੱਲ ਭੁਲਾ ਗਏ। ਬਾਦਲ ਅਕਾਲੀ ਦਲ ਤਾਂ ਭੁੱਲ ਭੁਲਾਉਣ ਤੋਂ ਵੀ ਕਿਤੇ ਅੱਗੇ ਨਿਕਲ ਕੇ ਪਹਿਲਾਂ ਜਨਸੰਘ ਅਤੇ ਫਿਰ ਭਾਜਪਾ ਦਾ ਪੱਕਾ ਸਿਆਸੀ ਵੱਡਾ ਭਰਾ ਵੀ ਬਣਿਆ ਰਿਹਾ। ਇਸ ਦੇ ਮੁਕਾਬਲੇ ਤਾਮਿਲਾਂ ਨੂੰ ਵੇਖੀਏ, ਜਿਹੜੇ ਵੀ ਉਨ੍ਹਾ ਉਤੇ ਹਿੰਦੀ ਠੋਸਣ ਦੇ ਹਰ ਯਤਨ ਨੂੰ ਤੁਰੰਤ ਸੜਕਾਂ ਉਤੇ ਉੱਤਰ ਕੇ ਪਛਾੜਦੇ ਆਏ ਹਨ। ਕਿਸੇ ਨੀਤੀ ਦੀ ਜੜ੍ਹ ਨੂੰ ਸਮਝ ਕੇ ਉਸ ਦਾ ਵਿਰੋਧ ਕਰਨ ਅਤੇ ਵਕਤੀ ਨਾਅਰੇਬਾਜ਼ੀ ਕਰਕੇ ਹਾਜ਼ਰੀਆਂ ਲਗਵਾਉਣ ਦਾ ਇਹ ਫ਼ਰਕ ਹੈ। ਇਹੀ ਕਾਰਨ ਹੈ ਕਿ ਰਾਹੁਲ ਗਾਂਧੀ ਉਪਰੋਕਤ ਵਰਗੀਆਂ ਇੱਕਾ-ਦੁੱਕਾ ਘਟਨਾਵਾਂ ਉਤੇ ਬਹੁਤੀ ਨਾਅਰੇਬਾਜ਼ੀ ਦੀ ਥਾਂ ਇਨ੍ਹਾਂ ਸਾਰਿਆਂ ਦੀ ਜੜ੍ਹ ਆਰ ਐੱਸ ਐੱਸ ਅਤੇ ਉਸ ਦੇ ਹਿੰਦੂ ਰਾਸ਼ਟਰਵਾਦ ਉਤੇ ਸਿੱਧੇ ਹਮਲੇ ਕਰਦਾ ਹੈ। ਇਹ ਆਰ ਐੱਸ ਐੱਸ ਦਾ ਵਿਚਾਰਧਾਰਕ ਵਿਰੋਧ ਹੈ, ਜੋ ਕਮਿਊਨਿਸਟ ਸ਼ੁਰੂ ਤੋਂ ਹੀ ਕਰਦੇ ਆ ਰਹੇ ਹਨ। ਬੀ ਜੇ ਪੀ ਦੇ ਕਾਂਗਰਸ ਮੁਕਤ ਭਾਰਤ ਦੇ ਨਾਅਰੇ ਪਿੱਛੇ ਇਹੀ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਹੈ। ਇਹ ਵੱਖਰੀ ਗੱਲ ਹੈ ਕਿ ਵਿਰੋਧੀਆਂ ਨੂੰ ਇੱਕ ਮੰਚ ਉਤੇ ਇਕੱਠਾ ਹੁੰਦਾ ਵੇਖ ਭਾਜਪਾ ਭਾਰਤ ਵਿੱਚ ਵਿਰੋਧ ਮੁਕਤ ਰਾਜਨੀਤੀ ਦਾ ਨਾਅਰਾ ਦੇਣ ਤੱਕ ਚਲੇ ਗਈ ਹੈ। ਕਮਿਊਨਿਸਟਾਂ ਮੁਕਤ ਭਾਰਤ ਦਾ ਉਹ ਟੀਚਾ ਖੱਬੀਆਂ ਧਿਰਾਂ ਦੇ ਬੰਗਾਲ ਅਤੇ ਤ੍ਰਿਪੁਰਾ ਵਿੱਚ ਹਾਰਨ ਦੇ ਸਮੇਂ ਤੋਂ ਹੀ ਪੂਰਾ ਕਰ ਲਿਆ ਸਮਝਦੇ ਹਨ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਆਰ ਐੱਸ ਐੱਸ ਦੀ ਵਿਚਾਰਧਾਰਾ ਦੀ ਥਾਂ ਭਾਜਪਾ ਦੀਆਂ ਆਰਥਿਕ ਨੀਤੀਆਂ ਦੇ ਵਿਰੋਧ ਅਤੇ ਲਾਮਬੰਦੀਆਂ ਕਰਨ

18-APRIL-PAGE-5.qxd 4/17/2023 10:41 PM Page 1

ਪੰਜਾਬ ਸਰਕਾਰ ਕਣਕ ਦੀਆਂ ਸਿੱਧੀਆਂ ਸਪੈਸ਼ਲਾਂ ਭਰਨੀਆਂ ਬੰਦ ਕਰੇ : ਸੁਰਿੰਦਰਪਾਲ ਸਿੰਘ

ਮਾਨਸਾ (ਆਤਮਾ ਸਿੰਘ ਪਮਾਰ)

ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਮਾਨਸਾ ਦੇ ਦਫ਼ਤਰ ਮੂਹਰੇ ਜਥੇਬੰਦੀ ਦੀ ਸਥਾਨਕ ਇਕਾਈ ਵੱਲੋਂ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਰੋਸ ਧਰਨੇ ਵਿੱਚ ਮਾਨਸਾ ਬੁਢਲਾਡਾ ਭੀਖੀ ਤੇ ਬਰੇਟਾ ਨਾਲ ਸਬੰਧਤ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾਈ ਸਕੱਤਰ ਸੁਰਿੰਦਰਪਾਲ ਸਿੰਘ ਤੇ ਸੂਬਾ ਕਮੇਟੀ ਮੈਂਬਰ ਕੁਲਦੀਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਮਜ਼ਦੂਰਾਂ ਨੂੰ ਮਿਲਦਾ ਥੋੜ੍ਹਾ ਬਹੁਤਾ ਰੁਜ਼ਗਾਰ ਵੀ ਖੋਹਣ ਦੇ ਰਾਹ ਤੁਰ ਪਈ ਹੈ, ਜਿਸ ਦੀ ਤਾਜ਼ਾ ਮਿਸਾਲ ਮੁੰਡੀਆਂ ਵਿਚੋਂ ਕਣਕ ਦੀਆਂ ਸਿੱਧੀਆਂ ਸ਼ਪੈਸਲਾਂ ਭਰਨ ਤੋਂ ਵੇਖੀ ਜਾ ਸਕਦੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਰੇਲ ਹੈਡ ਰਾਹੀਂ ਭਰੀਆਂ ਜਾ ਰਹੀਆਂ ਸਪੈਸ਼ਲਾਂ ਤੁਰੰਤ ਬੰਦ ਕੀਤੀਆਂ ਜਾਣ। ਜ਼ਿਲ੍ਹਾ ਪ੍ਰਧਾਨ ਜਗਜੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਵੱਖ-ਵੱਖ ਏਜੰਸੀਆਂ ਵਿੱਚ ਕੰਮ ਕਰਦੇ ਲੱਖਾਂ ਮਜ਼ਦੂਰ ਇਸ ਨੀਤੀ ਨਾਲ ਕੰਮ ਤੋਂ ਹੀ ਵਿਹਲੇ ਹੋਣਗੇ, ਸਿੱਟੇ ਵਜੋਂ ਉਨ੍ਹਾਂ ਦੇ ਪਰਵਾਰ ਭੁੱਖਮਰੀ ਦਾ ਸ਼ਿਕਾਰ ਹੋ ਕੇ ਰਹਿ ਜਾਣਗੇ।

ਮਜ਼ਦੂਰਾਂ ਦੀ ਵੱਡੀ ਸਮੱਸਿਆ ਨੂੰ ਧਿਆਨ ਹਿੱਤ ਰੱਖਦਿਆਂ ਸਰਕਾਰ ਤੁਰੰਤ ਇਸ ਫੈਸਲੇ ਨੂੰ ਵਾਪਸ ਲੈ ਕੇ ਪੰਜਾਬ 'ਚ ਖੁੱਲ੍ਹੇ ਪਲੰਥਾਂ ਤੇ ਕਵਰਡ ਪਲੰਥਾਂ ਵਿੱਚ ਕਣਕ ਦੇ ਗੱਟਿਆਂ ਨੂੰ ਸਟਾਕ ਕਰੇ ਅਤੇ ਸੀਜ਼ਨ ਤੋਂ ਬਾਅਦ ਹੀ ਸਪੈਸ਼ਲਾਂ ਭਰਾਈਆਂ ਜਾਣ। ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਅਮਰੀਕ ਸਿੰਘ ਫਫੜੇ ਨੇ ਵੀ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਦੀ ਹਮਾਇਤ ਕੀਤੀ ਤੇ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਅਣਗੌਲਿਆ ਕਰਨ, ਮਜ਼ਦੂਰਾਂ, ਦਲਿਤਾਂ ਅਤੇ ਪਛੜੇ ਵਰਗ ਸਰਕਾਰ ਦੇ ਏਜੰਡੇ 'ਤੇ ਹੀ ਨਾ ਹੋਣ ਦੇ ਗੰਭੀਰ ਦੋਸ਼ ਵੀ ਲਾਏ।

ਉਨ੍ਹਾਂ ਪੱਲੇਦਾਰਾਂ ਦੇ ਇਸ ਜਾਇਜ਼ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਦਿਆਂ ਹਰ ਤਰ੍ਹਾਂ ਦੀ ਸਹਾਇਤਾ ਦਾ ਐਲਾਨ ਵੀ ਕੀਤਾ।

ਪ੍ਰੋਗਰਾਮ ਦੇ ਅਖੀਰ ਵਿੱਚ ਬੁਢਲਾਡਾ ਡਿਪੂ ਦੇ ਪ੍ਰਧਾਨ ਨਿਰਮਲ ਦਾਸ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਜੇਕਰ ਸਰਕਾਰ ਨੇ ਸਾਡੀਆਂ ਜਾਇਜ਼ ਮੰਗਾਂ ਵੱਲ ਗੌਰ ਨਾ ਕੀਤੀ ਤਾਂ ਵੱਡਾ ਸੰਘਰਸ ਵਿੱਢਣ ਲਈ ਤਿਆਰ ਬਰ ਤਿਆਰ ਰਹਿਣ।

ਆਪ ਵਰਕਰਾਂ ਨੇ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਸਾੜਿਆ

ਦੇਸ਼ ਦੇ ਲੋਕਾਂ ਨਾਲ ਤਾਨਾਸ਼ਾਹੀ ਰਵੱਈਆ ਕਰ ਰਹੀ ਹੈ ਭਾਜਪਾ : ਢਿੱਲੋਂ, ਚੱਠਾ, ਧਾਂਦਰਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੀ ਬੀ ਆਈ ਵੱਲੋਂ ਪੁੱਛਗਿੱਛ ਲਈ ਤਲਬ ਕੀਤੇ ਜਾਣ ਦੇ ਵਿਰੋਧ ਵਿੱਚ ਸਥਾਨਕ ਆਪ ਵਰਕਰਾਂ ਨੇ ਇਕੱਠੇ ਹੋ ਕੇ ਸ਼ਹਿਰ ਦੇ ਕੱਕੜਵਾਲ ਚੌਕ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜਿਆ ਤੇ ਭਾਜਪਾ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪੰਜਾਬ ਸਮਾਲ ਸਕੇਲ ਇੰਡਸਟਰੀ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਟਰੇਡ ਵਿੰਗ ਦੇ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ ਤੇ ਯੂਥ ਆਗੂ ਅਮਰਦੀਪ ਸਿੰਘ ਧਾਂਦਰਾ ਨੇ ਸ਼ਿਰਕਤ ਕੀਤੀ।

ਬੁਲਾਰਿਆਂ ਨੇ ਕਿਹਾ ਕਿ ਦੇਸ਼ ਵਿੱਚ ਭਾਜਪਾ ਦਾ ਤਾਨਾਸ਼ਾਹੀ ਰਵੱਈਆ ਦੇਸ਼ ਦੇ ਲੋਕਾਂ ਸਾਹਮਣੇ ਹੈ। ਦੇਸ਼ 'ਚ ਸਿਰਫ਼ ਆਮ ਆਦਮੀ ਪਾਰਟੀ ਹੀ ਅਜਿਹੀ ਪਾਰਟੀ ਹੈ, ਜਿਸ ਨੂੰ ਸਿਆਸਤ 'ਚ ਆਏ ਸਿਰਫ਼ 10 ਸਾਲ ਹੋਏ ਹਨ। ਇਨ੍ਹਾਂ 10 ਸਾਲਾਂ ਵਿੱਚ ਅਰਵਿੰਦ ਕੇਜਰੀਵਾਲ ਦੀ ਅਗਵਾਈ 'ਚ ਦਿੱਲੀ ਤੇ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਗੁਜਰਾਤ 'ਚ ਪਹਿਲੀ ਵਾਰ ਚੋਣ ਲੜੀ ਹੈ ਤੇ ਉੱਥੇ 'ਆਪ' ਨੂੰ 13 ਫ਼ੀਸਦੀ ਵੋਟ ਮਿਲੀ ਹੈ ਅਤੇ ਗੋਆ 'ਚ 'ਆਪ' ਦੇ ਦੋ ਵਿਧਾਇਕ ਹਨ। ਉਨ੍ਹਾਂ ਕਿਹਾ ਕਿ ਅਜ਼ਾਦੀ ਦੇ 75 ਸਾਲਾਂ ਬਾਅਦ ਭਾਰਤ ਦੀ ਰਾਜਧਾਨੀ ਵਿੱਚ ਆਪ ਇੱਕ ਅਜਿਹੀ ਸਰਕਾਰ ਆਈ, ਜਿਸ ਨੇ ਦੇਸ਼ ਵਿੱਚ ਇੱਕ ਉਮੀਦ ਜਗਾਈ, ਪਰ ਕੁਝ ਲੋਕ ਚਾਹੁੰਦੇ ਹਨ ਕਿ ਭਾਰਤ ਦੀ ਤਰੱਕੀ ਨਾ ਹੋਵੇ। 75 ਸਾਲ ਤੱਕ ਇਨ੍ਹਾਂ ਤਾਕਤਾਂ ਨੇ ਭਾਰਤ ਨੂੰ ਪਿੱਛੜਾ ਬਣਾ ਕੇ ਰੱਖਿਆ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਤੇ ਦਸ਼ਸਾ ਬਦਲ ਦਿੱਤੀ ਹੈ। ਉਨ੍ਹਾਂ ਦਿੱਲੀ ਵਿੱਚ ਭਾਜਪਾ ਨੂੰ ਦੋ ਵਾਰ ਹਰਾਇਆ ਸੀ। ਤੀਜੀ ਵਾਰ ਐੱਮ ਸੀ ਡੀ ਵਿੱਚ ਵੀ ਭਾਜਪਾ ਨੂੰ ਹਰਾਇਆ। ਇਨ੍ਹਾਂ ਸਾਰੀਆਂ ਘਟਨਾਵਾਂ ਪਿੱਛੇ ਕਾਰਨ ਇਹ ਹੈ ਕਿ ਸਾਡੀ ਪਾਰਟੀ ਇੱਕ ਇਮਾਨਦਾਰ ਪਾਰਟੀ ਹੈ ਤੇ ਇਮਾਨਦਾਰੀ ਨਾਲ ਸਰਕਾਰ ਚਲਾਉਂਦੀ ਹੈ। ਦਿੱਲੀ ਵਿੱਚ 1 ਰੁਪਏ ਦਾ ਕਰਜ਼ਾ ਨਹੀਂ ਲਿਆ। ਬਿਜਲੀ ਮੁਫ਼ਤ ਕਰ ਦਿੱਤੀ। ਮੁਹੱਲਾ ਕਲੀਨਿਕ ਤੇ ਸਕੂਲ ਬਣਾਏ। ਦਿੱਲੀ ਦਾ ਬਜਟ ਪਹਿਲਾਂ ਤੋਂ ਤਿੰਨ ਗੁਣਾਂ ਵਧ ਚੁੱਕਾ ਹੈ। ਜੇਕਰ ਦਿੱਲੀ ਵਿੱਚ ਸਾਡੀ ਪਾਰਟੀ ਨੇ ਕੋਈ ਮਾਫੀਆ ਪਾਲਿਆ ਹੁੰਦਾ ਤਾਂ ਇਹ ਬਜਟ ਕਦੇ ਨਾ ਵਧਦਾ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਇਹ ਬਰਦਾਸ਼ਤ ਨਹੀਂ ਹੋ ਰਹੀ ਕਿ ਥੋੜ੍ਹੇ ਸਮੇਂ ਵਿੱਚ ਹੀ ਆਮ ਆਦਮੀ ਪਾਰਟੀ ਕੌਮੀ ਪਾਰਟੀ ਬਣ ਗਈ। ਦਿੱਲੀ ਦੀ ਸਿੱਖਿਆ ਤੇ ਸਿਹਤ ਕ੍ਰਾਂਤੀ ਪ੍ਰਧਾਨ ਮੰਤਰੀ ਮੋਦੀ ਤੋਂ ਬਰਦਾਸ਼ਤ ਨਹੀਂ ਹੋ ਰਹੀ ਹੈ। ਇਸੇ ਲਈ ਉਨ੍ਹਾਂ ਨੇ ਦਿੱਲੀ ਦੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਤੇ ਸਿਹਤ ਮੰਤਰੀ ਸਤੇਂਦਰ ਜੈਨ ਦੋਵਾਂ ਨੂੰ ਫੜ ਕੇ ਜੇਲ੍ਹ ਵਿੱਚ ਡੱਕ ਦਿੱਤਾ ਤੇ ਹੁਣ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਭੇਜਣ ਦੀ ਤਿਆਰੀ ਕਰ ਰਹੇ ਹਨ। ਇਹ ਲੋਕਤੰਤਰ ਨਹੀਂ, ਤਾਨਾਸ਼ਾਹੀ ਹੈ। ਅੱਜ ਦੇਸ਼ ਵਿੱਚ ਦੋ ਸ਼ਾਹ ਬੈਠੇ ਹਨ, ਇੱਕ ਅਮਿਤ ਸ਼ਾਹ ਹੈ ਤੇ ਦੂਜਾ ਤਾਨਾਸ਼ਾਹ ਹੈ, ਜੋ ਹਰ ਰੋਜ਼ ਇੱਕ ਨਾ ਇੱਕ ਨਵਾਂ ਫਰਮਾਨ ਜਾਰੀ ਕਰਦੇ ਹਨ। ਇਸ ਮੌਕੇ ਬਲਵਿੰਦਰ ਸਿੰਘ ਬਿੱਲੂ, ਹਰਪ੍ਰੀਤ ਸਿੰਘ ਗਿੱਲ, ਪ੍ਰੀਤ ਧੂਰੀ, ਕੌਂਸਲਰ ਪੁਸਪਿੰਦਰ ਸਿੰਘ, ਲਾਭ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਪ ਵਰਕਰ ਹਾਜ਼ਰ ਸਨ।

ਲੈਨਿਨ ਦਾ ਜਨਮ ਦਿਨ 22 ਨੂੰ ਸੁਤੰਤਰ ਭਵਨ ਵਿਖੇ ਮਨਾਇਆ ਜਾਵੇਗਾ : ਸੁਖਦੇਵ ਸ਼ਰਮਾ

ਸੰਗਰੂਰ (ਪ੍ਰਵੀਨ ਸਿੰਘ)-ਸੁਤੰਤਰ ਭਵਨ ਸੰਗਰੂਰ ਵਿਖੇ ਸਾਥੀ ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ, ਭਰਪੂਰ ਸਿੰਘ ਬੁਲਾਂਪੁਰ ਤੇ ਨਿਰਮਲ ਸਿੰਘ ਬਟਰਿਆਣਾ ਨੇ ਸਾਂਝੇ ਤੌਰ 'ਤੇ ਹੋਰ ਦੱਸਿਆ ਕਿ ਮਾਰਕਸੀ ਸਿਧਾਂਤ ਅਮਲ ਵਿੱਚ ਲਿਆਉਣ 'ਤੇ ਸੋਵੀਅਤ ਦੇ ਪਹਿਲੇ ਪ੍ਰਮੁੱਖ ਵਲਾਦੀਮੀਰ ਲੈਨਿਨ ਦਾ ਜਨਮ 22 ਅਪ੍ਰੈਲ ਨੂੰ ਸੁਤੰਤਰ ਭਵਨ ਵਿਖੇ ਮਨਾਇਆ ਜਾਵੇਗਾ।

ਇਸ ਦਿਨ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਸੱਦੇ 'ਤੇ ਭਾਜਪਾ ਹਟਾਓ ਦੇਸ਼ ਬਚਾਓ ਦੀ ਸ਼ੁਰੂਆਤ ਕੀਤੀ ਜਾਵੇਗੀ ਤੇ ਕਾਰਕ ਮਾਰਕਸ ਦੇ ਸਿਧਾਂਤ ਨੂੰ ਸਮਝਣ ਲਈ ਲੈਨਿਨ ਬਾਰੇ ਸਮਝਣ ਲਈ ਸਿਧਾਂਤਕ ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਮੋਦੀ ਸਰਕਾਰ ਫਾਸ਼ੀਵਾਦੀ ਹਕੂਮਤ ਹੈ, ਜੋ ਲੋਕਾਂ ਨੂੰ ਡਰਾ ਧਮਕਾ ਕੇ ਆਰ ਐੱਸ ਐੱਸ ਦੇ ਹੁਕਮਾਂ ਮੁਤਾਬਿਕ ਦੇਸ਼ ਚਲਾਉਣਾ ਚਾਹੁੰਦੀ ਹੈ। ਖੱਬੀ ਸੋਚ ਵਾਲੇ ਲੋਕਾਂ 'ਤੇ ਤਰ੍ਹਾਂ ਤਰ੍ਹਾਂ ਦੇ ਮਾੜੇ ਕਾਨੂੰਨ ਲਗਾ ਕੇ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਅੱਜ ਦੇਸ਼ ਦੇ 1% ਲੋਕ ਕੋਲ ਪੂੰਜੀ ਦਾ ਬਹੁਤ ਵੱਡਾ ਹਿੱਸਾ ਜਮ੍ਹਾਂ ਹੋ ਗਿਆ ਹੈ। ਭੁਖਮਰੀ ਦੇ ਸਿ?ਕਾਰ 80% ਲੋਕਾਂ ਵੱਲੋਂ ਜੀ ਐਸ ਟੀ ਦਾ 80% ਦੇਣ ਦੇ ਬਾਵਜੂਦ ਵੀ ਟੈਕਸਾਂ ਤੋਂ ਇਕੱਤਰ ਹੋਏ ਸਰਮਾਏ ਨੂੰ ਚੰਦ ਪੂੰਜੀਪਤੀਆਂ ਨੂੰ ਲੁਟਾਇਆ ਜਾ ਰਿਹਾ ਹੈ। ਪਾਰਲੀਮੈਂਟ ਵਿੱਚ ਅੰਡਾਨੀ ਵਿਰੋਧ ਵਿੱਚ ਬੋਲਣ ਵਾਲੀਆਂ ਸੰਸਦ ਦੀ ਮੈਂਬਰੀ ਖੋਹੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਅੰਡਾਨੀ ਦੇ ਖਿਲਾਫ ਸਾਂਝੀ ਪਾਰਲੀਮੈਂਟ ਕਮੇਟੀ ਤੋਂ ਜਾਂਚ ਕਰਵਾਈ ਜਾਵੇ, ਪਰ ਸਰਕਾਰ ਇਸ ਮੰਗ ਨੂੰ ਅਣਸੁਣਿਆ ਕਰ ਰਹੀ ਹੈ। ਸੁਖਦੇਵ ਸ਼ਰਮਾ ਨੇ ਦੱਸਿਆ ਕਿ ਸੀ ਪੀ ਆਈ ਦੇ ਕੇਂਦਰੀ ਸੱਦੇ ਦੇ ਅਨੁਸਾਰ 1 ਮਈ ਤੱਕ ਸ਼ਹਿਰਾਂ ਅੰਦਰ ਸਰਗਰਮੀ ਕੀਤੀ ਜਾਵੇਗੀ ਤੇ 2 ਮਈ ਤੋਂ 15 ਮਈ ਤੱਕ ਜ਼ਿਲ੍ਹੇ ਦੇ ਪਿੰਡਾਂ ਅੰਦਰ ਲਗਾਤਾਰ ਪਦ ਯਾਤਰਾ ਤੇ ਹੋਰ ਸਾਧਨਾਂ ਦੀ ਵਰਤੋਂ ਕਰਕੇ ਸਰਗਰਮੀ ਕੀਤੀ ਜਾਵੇਗੀ।

ਕਾਤਰਾਂ

ਸੁਰਜੀਤ ਸਿੰਘ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਪ੍ਰਗਟਾਵਾ

ਲੁਧਿਆਣਾ (ਪੱਤਰ ਪ੍ਰੇਰਕ)-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਅਕਾਡਮੀ ਦੇ ਜੀਵਨ ਮੈਂਬਰ ਸ੍ਰੀ ਸੁਰਜੀਤ ਸਿੰਘ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਹੁਰਾਂ ਸ੍ਰੀ ਸੁਰਜੀਤ ਸਿੰਘ ਦੇ ਦੇਹਾਂਤ 'ਤੇ ਅਫ਼ਸੋਸ ਜ਼ਾਹਰ ਕਰਦਿਆਂ ਪਰਵਾਰ ਨਾਲ ਸੰਵੇਦਨਾ ਦਾ ਪ੍ਰਗਟਾਵਾ ਕੀਤਾ। ਸੀਨੀਅਰ ਮੀਤ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਸ੍ਰੀ ਸੁਰਜੀਤ ਸਿੰਘ ਲੀ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਸਾਹਿਤ ਜਗਤ ਤੇ ਪਰਿਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਹੋਰਾਂ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਪ੍ਰੋ. ਸੁਰਜੀਤ ਸਿੰਘ ਲੀ ਭਾਰਤ ਦੇ ਨਾਮਵਰ ਚਿੰਤਕ, ਭਾਸ਼ਾ ਮਾਹਰ ਤੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਸਨ। ਪ੍ਰੋ. ਸੁਰਜੀਤ ਸਿੰਘ ਲੀ ਦੇ ਅਚਾਨਕ ਤੁਰ ਜਾਣ ਨਾਲ ਉਨ੍ਹਾਂ ਦੇ ਸਨੇਹੀਆਂ ਤੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ।

ਕ੍ਰਿਸ਼ਨ ਸਿੰਘ ਸੰਘੇੜਾ ਵੱਲੋਂ ਅਸਤੀਫਾ

ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)-ਪੰਜਾਬ ਦੀ ਮਸ਼ਹੂਰ ਸੰਸਥਾ ਭਾਰਤੀ ਅੰਬੇਡਕਰ ਮਿਸ਼ਨ ਦੇ ਪ੍ਰਧਾਨ ਸ੍ਰੀ ਦਰਸ਼ਨ ਕਾਂਗੜਾ ਨੂੰ ਸਮਾਜਸੇਵੀ ਕ੍ਰਿਸ਼ਨ ਸਿੰਘ ਸੰਘੇੜਾ ਵੱਲੋਂ ਆਪਣਾ ਅਸਤੀਫਾ ਭੇਜਿਆ ਹੈ। ਇੱਥੇ ਦੱਸਣਯੋਗ ਹੈ ਕਿ ਕ੍ਰਿਸ਼ਨ ਸੰਘੇੜਾ ਪਿਛਲੇ ਕਾਫੀ ਸਾਲਾਂ ਤੋਂ ਇਸ ਉੱਘੀ ਸੰਸਥਾ ਦੇ ਵੱਖ-ਵੱਖ ਅਹੁਦਿਆਂ 'ਤੇ ਸਮਾਜ ਲਈ ਕੰਮ ਕਰਦੇ ਆ ਰਹੇ ਹਨ। ਪੱਤਰਕਾਰਾਂ ਦੇ ਪੁੱਛਣ 'ਤੇ ਉਨ੍ਹਾਂ ਨੇ ਸੰਸਥਾ ਭਾਰਤੀ ਅੰਬੇਡਕਰ ਮਿਸ਼ਨ ਵਿੱਚ ਅਸਤੀਫਾ ਦੇਣ ਦਾ ਕਾਰਨ ਆਪਣੇ ਘਰੇਲੂ ਕੰਮਾਂ ਵਿੱਚੋਂ ਸੰਸਥਾ ਲਈ ਟਾਇਮ ਨਾ ਮਿਲਣ ਦਾ ਕਾਰਨ ਦੱਸਿਆ ਹੈ।

ਭਾਜਪਾ ਆਗੂ 'ਤੇ ਜਾਨਲੇਵਾ ਹਮਲੇ ਦੀ ਨਿੰਦਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਭਗਵਾਨ ਵਾਲਮੀਕਿ ਦਲਿਤ ਚੇਤਨਾ ਮੰਚ ਦੇ ਪ੍ਰਧਾਨ ਵਿੱਕੀ ਪਰੋਚਾ, ਭਾਜਪਾ ਐੱਸ ਸੀ ਵਿੰਗ ਦੇ ਸੂਬਾ ਮੀਤ ਪ੍ਰਧਾਨ ਅਜੈ ਪਰੋਚਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਐੱਸ ਸੀ ਮੋਰਚਾ ਦੇ ਜਨਰਲ ਸਕੱਤਰ ਬਲਵਿੰਦਰ ਗਿੱਲ 'ਤੇ ਜਾਨਲੇਵਾ ਹਮਲਾ ਕਰਦਿਆਂ ਗੋਲੀਆਂ ਮਾਰ ਕੇ ਜ਼ਖਮੀ ਕੀਤੇ ਜਾਣ ਦੀ ਘਟਨਾ ਦੀ ਨਿੰਦਾ ਕਰਦਿਆਂ ਇਸ ਨੂੰ ਪੰਜਾਬ ਸਰਕਾਰ ਦਾ ਹਰ ਫਰੰਟ 'ਤੇ ਫੇਲ੍ਹ ਹੋਣਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਬਹੁਤ ਮਾੜੇ ਹਨ ਤੇ ਪੰਜਾਬ ਵਿੱਚ ਭਾਜਪਾ ਦੀ ਵਧ ਰਹੀ ਲੋਕਪ੍ਰਿਯਤਾ ਆਮ ਆਦਮੀ ਪਾਰਟੀ ਨੂੰ ਹਜਮ ਨਹੀਂ ਹੋ ਰਹੀ ਅਤੇ ਪੰਜਾਬ ਅੰਦਰ ਭਾਜਪਾ ਵਰਕਰਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਮੁਲਜ਼ਮਾਂ ਖਿਲਾਫ਼ ਸਖਤ ਕਾਰਵਾਈ ਕਰਦਿਆਂ ਜੇਲ੍ਹੀਂ ਡੱਕਿਆ ਜਾਵੇ। ਇਸ ਮੌਕੇ ਕ੍ਰਿਸ਼ਨ ਗੋਪਾਲ, ਭੁਪੇਸ਼ ਜਿੰਦਲ, ਅਸ਼ੀਸ਼ ਗਰਗ, ਅਸ਼ਵਨੀ ਬਾਂਸਲ, ਸੱਤੀ ਧੂਰੀ ਆਦਿ ਹਾਜ਼ਰ ਸਨ।

ਗੁਰਦੀਪ ਸਿੰਘ ਠੇਕੀ ਨੇ ਗੋਤਾਖੋਰਾਂ ਦੀ ਮਦਦ ਨਾਲ ਜਾਨ ਬਚਾਈ

ਦੋਰਾਹਾ (ਹਰਮਿੰਦਰ ਸੇਠ)-ਟ੍ਰੈਫ਼ਿਕ ਇੰਚਾਰਜ ਗੁਰਦੀਪ ਸਿੰਘ ਠੇਕੀ ਨੇ ਗੋਤਾਖੋਰਾਂ ਦੀ ਮਦਦ ਨਾਲ ਇਕ ਲੜਕਾ, ਜਿਸ ਨੇ ਨਹਿਰ ਵਿੱਚ ਛਾਲ ਮਾਰੀ ਦਿੱਤੀ ਸੀ, ਦੀ ਜਾਨ ਬਚਾਈ। ਪ੍ਰਾਪਤ ਜਾਣਕਾਰੀ ਅਨੁਸਾਰ ਦੋਰਾਹਾ ਨਹਿਰ 'ਤੇ ਮੰਗਾ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਸ਼ਿਮਲਾਪੁਰੀ ਲੁਧਿਆਣਾ, ਜਿਸ ਨੇ ਨਹਿਰ ਵਿੱਚ ਛਾਲ ਮਾਰੀ ਦਿੱਤੀ।

ਟ੍ਰੈਫ਼ਿਕ ਇੰਚਾਰਜ ਗੁਰਦੀਪ ਸਿੰਘ ਠੇਕੀ ਨੇ ਤਰੁੰਤ ਗੋਤਾਖੋਰਾਂ ਬੌਬੀ ਦੀ ਮਦਦ ਨਾਲ ਲੜਕੇ ਦੀ ਜਾਨ ਬਚਾ ਲਈ। ਲੜਕੇ ਨੂੰ ਦੋਰਾਹਾ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਇਸ ਮ

page-6-18-April-2023-(SM).qxd 4/17/2023 10:55 PM Page 1

Change of Name

I, Yarun Khera S/o Naginder Khera residing at H.No. 75A/53C, Garden Colony, Jalandhar have changed my name from Yarun Kumar to Varun Kumar. All concerned please note.

I, Jagdip Singh S/o Bachittar Singh residing at Near Primary School, VPO Mehna, Distt. Moga have changed my name from Jagdip Singh to Jagdeep Singh. All concerned please note.

I, Malkit Singh S/o Mohinder Singh residing at VPO Khiranwali Distt. Kapurthala have changed my name from Malkit Singh to Malkiat Singh. All concerned please note.

I, Ritika W/o Rohit Kumar residing at H.No. 113, Punchsheel Avenue, Deep Nagar, Jalandhar Cantt, Jalandhar have changed my name from Ritika to Ritika Kumari. All concerned please note.

I, Rana Singh s/o Gurmej Singh r/o Near S.S. School, VPO.Bhanoki,Teh.Phagwara, Kapurthala, Punjab-144402 have changed my name to Jasvir Singh Binning. All concerned please note.

I, Bhagwant Kaur alias Maninder Kaur w/o Kuldeep Singh r/o Vill. Haibatpur, Teh. Dhilwan, Kapurthala, Punjab-144804 have changed my name to Maninder Kaur. All concerned please note.

I, Jaswinder Kaur w/o Manjit Singh r/o VPO. Nangal Lubana, Tehsil Bholath, Distt. Kapurthala, Punjab have changed my name to Balawinder Kaur. All concerned please note.

I, Amit Kumar s/o Jarnail Chand r/o H.No. 115, VPO. Dakoha, Jalandhar-144023, Punjab have changed my name to Amit as my Name & Kumar as my Surname. All concerned please note.

I, Ajay Kumar s/o Ram Niwas r/o H.No. 3, City View Colony, Suchi Pind, Ladewali Road, Jalandhar declare that Ajay Singhal and Ajay Kumar are one and the same person. All concerned please note.

I, Adishwer s/o Pankaj Aggarwal r/o H.no.48, Model Estate, Deep Nagar, Birring, Jalandhar have changed my name from Adishwer to Adishwer Aggarwal. All concerned please note.

I, Kuldip Singh s/o Gurmeet Singh r/o Mohalla Uchiyan Hawelliyan, VPO. Talwan, Teh. Phillaur (Jalandhar) have changed my minor daughter's name from Yogta to Yogita Kumari. All concerned please note.

I, Manas s/o Kuldip Singh r/o Mohalla Uchiyan Hawelliyan, VPO. Talwan, Teh.Phillaur, (Jalandhar) have changed my name to Manas Singh. All concerned please note.

I, Preeti Jakhar Chaudhary D/o Ishwar Singh Jakhar R/o C-103 GF, Mayfield Garden, Sector 50-Nirvana Country, Gurgaon, Haryana-122018. have changed my name as Prity Ishwar Singh Jakhar. All concerned please note.

I, Anil Kumar S/o Shamsher Singh R/o Dhamtan Sahib, Jind, Haryana-126116. have changed the name of my minor Son Jimmy Nain to Harsh. All concerned please note.

I, Kashmeer Singh S/o Gurdeep Singh R/o Vill. Rajowal, Po. Kot Badal Khan, Distt.Jalandhar- 144039, Punjab have changed spelling of my name from Kashmeer Singh to Kashmir Singh. All concerned please note.

I, Rama W/o Madan Lal R/o H.No. 1297, Lamba Pind, Jalandhar, Punjab have changed the name of my minor son Gokul to Gokul Kumar. All concerned please note.

I Kulwinder W/O Amandeep Singh Resident Of Village Nizamudinpur, Po Kala Bakra,Jalandhar-144303 Have Changed My Name From Kulwinder To Kulwinder Kaur. All Concerned Note Please

I Neetu Rani W/o Sh. Sanjeev Nayyar R/o H.No.2804, Gali No.2, Azad Nagar, Putlighar, Amritsar have changed my name from Neetu Rani To Neetu Nayyar. All Please Note.

I kulwinderjit singh son of jagtar singh resident of village fatehabad district tarn taran have changed my name kulwinderjit singh to kulwinderjeet singh

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਭਦੌੜ

ਮਿਸਲ ਨੰਬਰ : 27 ਪੀ ਰਜੂਆ : 07-12-22 ਤਾਰੀਖ ਪੇਸ਼ੀ : 20/4/2023

ਸਨੇਹਪਾਲ ਸਿੰਘ ਪੁੱਤਰ ਸਤਵੰਤ ਸਿੰਘ ਪੁੱਤਰ ਧੰਨ ਸਿੰਘ ਪਿੰਡ ਬੀਹਲਾ, ਤਹਿਸੀਲ ਤਪਾ, ਜ਼ਿਲ੍ਹਾ ਬਰਨਾਲਾ (ਸਾਇਲ)

ਬਨਾਮ

1) ਬਲਵੰਤ ਸਿੰਘ ਪੁੱਤਰ ਨਰੈਣ ਸਿੰਘ ਪੁੱਤਰ ਚੰਦਾ ਸਿੰਘ ਵਾਸੀ ਬਠਿੰਡਾ, ਤਹਿਸੀਲ ਤਪਾ, ਜ਼ਿਲ੍ਹਾ ਬਰਨਾਲਾ। (ਮਸੂਲਇਲਮ)

ਦਰਖਾਸਤ ਜੇਰ ਦਫਾ 111 ਪੰਜਾਬ ਲੈਂਡ ਰੈਵੇਨਿਊ ਐਕਟ ਬਰਾਏ ਤਕਸੀਮ ਅਰਾਜੀ ਵਾਕਿਆ ਟੱਲੇਵਾਲ ਏ ਬਰੂਏ ਜਮ੍ਹਾਂਬੰਦੀ 2020-21 ਖੇਵਟ ਨੰਬਰ 501/485 ਕੁੱਲ ਰਕਬਾ 43 ਕਨਾਲ 9 ਮਰਲੇ ਤਹਿਸੀਲ ਤਪਾ, ਜ਼ਿਲ੍ਹਾ ਬਰਨਾਲਾ।

1) ਬਲਵੰਤ ਸਿੰਘ ਪੁੱਤਰ ਨਰੈਣ ਸਿੰਘ ਪੁੱਤਰ ਚੰਦਾ ਸਿੰਘ 2) ਜੀਤ ਸਿੰਘ ਪੁੱਤਰ ਨਰੈਣ ਸਿੰਘ ਪੁੱਤਰ ਚੰਦਾ ਸਿੰਘ 3) ਗੁਰਮੇਲ ਸਿੰਘ ਪੁੱਤਰ ਨਰੈਣ ਸਿੰਘ ਪੁੱਤਰ ਚੰਦਾ ਸਿੰਘ 4) ਰਾਜ ਸਿੰਘ ਪੁੱਤਰ ਨਰੈਣ ਸਿੰਘ ਪੁੱਤਰ ਚੰਦਾ ਸਿੰਘ ਵਾਸੀਆਨ ਬਠਿੰਡਾ ਜ਼ਿਲ੍ਹਾ ਬਰਨਾਲਾ। 5) ਪਰਵਿੰਦਰ ਸਿੰਘ ਉਰਫ ਪਰਮਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਸਦਾ ਸਿੰਘ 6) ਅਮਰਜੀਤ ਕੌਰ ਵਿਧਵਾ ਰਨਬੀਰ ਸਿੰਘ ਪੁੱਤਰ ਗੁਰਦੇਵ ਸਿੰਘ 7) ਬਲਤੇਜ ਸਿੰਘ ਪੁੱਤਰ ਰਨਬੀਰ ਸਿੰਘ ਪੁੱਤਰ ਗੁਰਦੇਵ ਸਿੰਘ 8) ਮਨਦੀਪ ਸਿੰਘ ਪੁੱਤਰ ਸੁਖਦਰਸ਼ਨ ਸਿੰਘ ਵਾਸੀਆਨ ਪਿੰਡ ਬੀਹਲਾ, ਜ਼ਿਲ੍ਹਾ ਬਰਨਾਲਾ 9) ਉਰੀਐਂਟਲ ਬੈਂਕ ਆਫ ਕਮਰਸ ਕਲੱਸਟਰ ਸੰਗਰੂਰ ਰਾਹੀਂ ਮੈਨੇਜਰ ਬੈਂਕ ਮਜਕੂਰ। 10) ਉਰੀਐਂਟਲ ਬੈਂਕ ਆਫ ਕਾਮਰਸ ਬਰਾਂਚ ਬੀਹਲਾ, ਜ਼ਿਲ੍ਹਾ ਬਰਨਾਲਾ ਰਾਹੀਂ ਮੈਨੇਜਰ ਬੈਂਕ ਮਜਕੂਰ।

ਉਕਤ ਅਨੁਵਾਨ ਕੇਸ ਵਿੱਚ ਮਸੂਲਇਲਮ ਦੀ ਇਤਲਾਹ ਸੌਖੇ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ਼ਤਿਹਾਰ ਰਾਹੀਂ ਉਕਤ ਮਸੂਲਇਲਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਗਲੀ ਤਾਰੀਕ ਪੇਸ਼ੀ ਮਿਤੀ 20/4/23 ਨੂੰ ਖੁਦ ਜਾਂ ਆਪਣੇ ਵਕੀਲ/ਨੁਮਾਇੰਦੇ ਰਾਹੀਂ ਪੇਸ਼ ਹੋ ਕਰ ਆਪਣਾ ਪੱਖ ਰੱਖ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆ ਕਰ ਨਿਯਮਾਂ ਅਨੁਸਾਰ ਫੈਸਲਾ ਕਰ ਦਿੱਤਾ ਜਾਵੇਗਾ।

ਅੱਜ ਇਹ ਇਸ਼ਤਿਹਾਰ ਮੇਰੇ ਦਸਤਖਤ ਤੇ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/-
ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ
ਨਾਇਬ ਤਹਿਸੀਲਦਾਰ, ਭਦੌੜ
ਨੰਬਰ 04/0/00 ਮਿਤੀ 13/4/23

Change of Name

I, Baljit Kaur W/o Sukhdial Singh R/o Village Chak Kamal Khan, Tehsil Lopoke Distt. Amritsar, Punjab have changed my name from Baljit Kaur to Baljinder Kaur.

ਅਦਾਲਤੀ ਇਸ਼ਤਿਹਾਰ

ਦਫਤਰ ਨਾਇਬ ਤਹਿਸੀਲਦਾਰ ਕਮ-ਸਰਕਲ ਰੈਵੇਨਿਊ ਅਵਸਰ, ਸਬ-ਤਹਿਸੀਲ ਤਰਸਿੱਕਾ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਅੰਮ੍ਰਿਤਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਪਿੰਡ ਕਲੇਰ ਬਾਲਾ ਪਾਈ, ਤਹਿਸੀਲ ਬਾਬਾ ਬਕਾਲਾ ਸਾਹਿਬ, ਸਬ ਤਹਿਸੀਲ ਤਰਸਿੱਕਾ, ਜ਼ਿਲ੍ਹਾ ਅੰਮ੍ਰਿਤਸਰ ਨੇ ਅਦਾਲਤ ਵਿੱਚ ਦਰਖਾਸਤ ਦਿੱਤੀ ਹੈ ਕਿ ਉਸ ਦੀ ਮਾਲਕੀ ਜ਼ਮੀਨ ਵਾਕਿਆ ਰਕਬਾ ਪਿੰਡ ਕਲੇਰ ਬਾਲਾ ਪਾਈ ਅਤੇ ਪਿੰਡ ਅਠਵਾਲ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮੌਜੂਦ ਹੈ ਅਤੇ ਉਪਰੋਕਤ ਜ਼ਮੀਨਾਂ ਦੀ ਜਮ੍ਹਾਂਬੰਦੀ ਕਵਵਾਉਣ 'ਤੇ ਪਤਾ ਲੱਗਾ ਹੈ ਕਿ ਪਿੰਡ ਕਲੇਰ ਬਾਲਾ ਪਾਈ ਦੇ ਮਾਲ ਰਿਕਾਰਡ ਵਿੱਚ ਪ੍ਰਾਰਥਕ ਦਾ ਨਾਂਅ ਅਮਰਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਪੁੱਤਰ ਰਘਬੀਰ ਸਿੰਘ ਦਰਜ ਅਤੇ ਦਾਦਾ ਦਾ ਨਾਂਅ ਬਲਬੀਰ ਸਿੰਘ ਦਰਜ ਹੈ, ਜੋ ਕਿ ਗਲਤ ਹੈ, ਜਦੋਂਕਿ ਸਹੀ ਵਾ ਦਰੁਸਤ ਨਾਂਅ ਅੰਮ੍ਰਿਤਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਪੁੱਤਰ ਰਘਬੀਰ ਸਿੰਘ ਅਤੇ ਦਾਦਾ ਜੀ ਦਾ ਸਹੀ ਨਾਂਅ ਰਘਬੀਰ ਸਿੰਘ ਪੁੱਤਰ ਜਵੰਧ ਸਿੰਘ ਪੁੱਤਰ ਨੱਥਾ ਸਿੰਘ ਹੈ। ਇਸੇ ਤਰ੍ਹਾਂ ਪਿੰਡ ਅਠਵਾਲ ਦੇ ਮਾਲ ਰਿਕਾਰਡ ਵਿੱਚ ਖੇਵਟ ਨੰਬਰ 87, 88 ਵਿੱਚ ਪ੍ਰਾਰਥਕ ਦੇ ਦਾਦਾ ਦਾ ਨਾਂਅ ਦਲਬੀਰ ਸਿੰਘ ਦਰਜ ਹੈ, ਜਦੋਂਕਿ ਉਨ੍ਹਾਂ ਦਾ ਸਹੀ ਨਾਂਅ ਰਘਬੀਰ ਸਿੰਘ ਹੈ, ਜੋ ਦਰੁਸਤ ਕੀਤਾ ਜਾਵੇ। ਇਸ ਲਈ ਉਸ ਦਾ ਅਸਲ ਨਾਂਅ ਰਿਕਾਰਡ ਵਿੱਚ ਦਰੁਸਤੀ ਕਰਨ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਨੋਟਿਸ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਇਸ ਦਫਤਰ ਵਿੱਚ ਇਤਰਾਜ਼ ਪੇਸ਼ ਕਰ ਸਕਦਾ ਹੈ, ਵਰਨਾ ਨਾਂਅ ਦੀ ਦਰੁਸਤੀ ਕਰ ਦਿੱਤੀ ਜਾਵੇਗੀ।

ਜਾਇੰਟ ਰਜਿਸਟਰਾਰ ਸਬ-ਤਹਿਸੀਲ ਤਰਸਿੱਕਾ
ਨੰਬਰ ਰੀਡਰ 943,ਮਿਤੀ : 13/4/23

ਅਦਾਲਤੀ ਇਸ਼ਤਿਹਾਰ

ਦਫਤਰ ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੇਨਿਊ, ਸਬ-ਤਹਿਸੀਲ ਤਰਸਿੱਕਾ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਨਰਪਹਿਲ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਮਾਹਨ ਸਿੰਘ ਵਾਸੀ ਚੰਨਣਕੇ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਨੇ ਅਦਾਲਤ ਵਿੱਚ ਦਰਖਾਸਤ ਦਿੱਤੀ ਹੈ ਕਿ ਉਸ ਦੀ ਮਾਲਕੀ ਜ਼ਮੀਨ ਵਾਕਿਆ ਰਕਬਾ ਪਿੰਡ ਚੰਨਣਕੇ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮੌਜੂਦ ਹੈ, ਜਿਸ ਦੇ ਖੇਵਟ ਨੰ. 610, 47, 48, 54, 55, 56, 57, 68 ਵਿੱਚ ਪ੍ਰਾਰਥਕ ਦਾ ਨਾਂਅ ਨਿਰਭੈਲ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਮਾਹਨ ਸਿੰਘ ਦਰਜ ਹੈ ਅਤੇ ਖੇਵਟ ਨੰਬਰ 609 ਵਿੱਚ ਪ੍ਰਾਥਕ ਦਾ ਨਾਂਅ ਨਿਰਵੈਲ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਮਾਹਨ ਸਿੰਘ ਦਰਜ ਹੈ, ਜੋ ਕਿ ਗਲਤ ਹੈ, ਜਦੋਂ ਕਿ ਪ੍ਰਾਥਕ ਦਾ ਨਾਂਅ ਸਹੀ ਨਾਮ ਨਰਪਹਿਲ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਮਾਹਨ ਸਿੰਘ ਹੈ, ਜੋ ਦਰੁਸਤ ਕੀਤਾ ਜਾਵੇ। ਇਸ ਲਈ ਉਸ ਦਾ ਅਸਲ ਨਾਂਅ ਰਿਕਾਰਡ ਵਿੱਚ ਨਿਰਵੈਲ ਸਿੰਘ ਤੋਂ ਨਰਪਹਿਲ ਸਿੰਘ ਦਰੁਸਤ ਕਰਨ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਨੋਟਿਸ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਇਸ ਦਫਤਰ ਵਿੱਚ ਇਤਰਾਜ਼ ਪੇਸ਼ ਕਰ ਸਕਦਾ ਹੈ, ਵਰਨਾ ਨਾਂਅ ਦੀ ਦਰੁਸਤੀ ਕਰ ਦਿੱਤੀ ਜਾਵੇ।

ਸਹੀ/- ਜਾਇੰਟ ਰਜਿਸਟਰਾਰ, ਸਬ-ਤਹਿਸੀਲ ਤਰਸਿੱਕਾ
ਨੰਬਰ ਰੀਡਰ ਨੰ. 945/ਮਿਤੀ 03/4/23

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਗੁਰਜਿੰਦਰ ਸਿੰਘ ਬੈਨੀਪਾਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐਨ.ਆਰ.ਆਈ'ਜ਼, ਕਪੂਰਥਲਾ।

ਕੇਸ ਨੰਬਰ 54-55/ ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ

ਤਾਰੀਖ ਦਾਇਰ 7/10/2022

ਤਕਸੀਮ ਖੇਵਟ ਨੰਬਰ 511,918 ਖਤੌਨੀ ਨੰਬਰ 738-740, 1306,1307 ਮੁਤਾਬਿਕ ਜਮ੍ਹਾਂਬੰਦੀ ਸਾਲ 2016-2017 ਵਾਕਿਆ ਰਕਬਾ ਪਿੰਡ ਕਮਾਲਪੁਰ , ਹਦਬਸਤ ਨੰਬਰ 4, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

1. ਸਰਵਨ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਰਾਮ ਸਿੰਘ ਵਾਸੀ VIA MATTEI, NO. 25,POVIGLIO-42028, REGGION EMILIA ITALY ਹਾਲ ਵਾਸੀ ਪਿੰਡ ਡਡਵਿੰਡੀ,ਸੁਲਤਾਨਪੁਰ ਲੋਧੀ,ਜਿਲਾ ਕਪੂਰਥਲਾ। 2. ਬਖਸ਼ੀਸ਼ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਰਾਮ ਸਿੰਘ 3. ਚਰਨ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਰਾਮ ਸਿੰਘ 4. ਮੋਹਨ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਰਾਮ ਸਿੰਘ 5. ਜਰਨੈਲ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਰਾਮ ਸਿੰਘ ਸਾਰੇ ਵਾਸੀਆਨ ਪਿੰਡ ਡਡਵਿੰਡੀ,ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ (ਫਰੀਕ ਅੱਵਲ)

ਬਨਾਮ-1. ਬਲਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਦੱਲ ਸਿੰਘ ਮ੍ਰਿਤਕ ਰਾਹੀਂ ਵਾਰਿਸ ਉ. ਮਹਿੰਦਰ ਕੌਰ ਪਤਨੀ ਬਲਵਿੰਦਰ ਸਿੰਘ 2.ਜਸਬੀਰ ਸਿੰਘ ਪੁੱਤਰ ਸੁੱਚਾ ਸਿੰਘ 3. ਸੋਹਨ ਸਿੰਘ ਪੁੱਤਰ ਦਲੀਪ ਸਿੰਘ 4. ਸੰਤੋਖ ਸਿੰਘ ਪੁੱਤਰ ਦਲੀਪ ਸਿੰਘ 5. ਜੈ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਬਚਨ ਸਿੰਘ ਮ੍ਰਿਤਕ ਰਾਹੀਂ ਵਾਰਿਸ ਉ. ਦਲਜੀਤ ਸਿੰਘ (ਪੁੱਤਰ) ਅ. ਕੁਲਦੀਪ ਸਿੰਘ (ਪੁੱਤਰ) 6. ਸੁਖਵਿੰਦਰ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਬਚਨ ਸਿੰਘ 7. ਸੇਵਾ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਬਚਨ ਸਿੰਘ 8. ਜੀਤ ਸਿੰਘ ਪੁੱਤਰ ਚੰਦਾ ਸਿੰਘ ਮ੍ਰਿਤਕ ਰਾਹੀਂ ਵਾਰਿਸ ਉ. ਬਲਵੰਤ ਕੌਰ ਪਤਨੀ ਜੀਤ ਸਿੰਘ 9. ਜਸਵਿੰਦਰ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਚੰਦਾ ਸਿੰਘ ਮ੍ਰਿਤਕ ਰਾਹੀਂ ਵਾਰਿਸ ਉ. ਬਲਵੰਤ ਕੌਰ (ਮਾਤਾ) 10. ਸਵਰਨ ਸਿੰਘ ਪੁੱਤਰ ਜਵਾਲਾ ਸਿੰਘ 11. ਕੇਲਲ ਸਿੰਘ ਪੁੱਤਰ ਜਵਾਲਾ ਸਿੰਘ 12. ਮੋਹਨ ਸਿੰਘ ਪੁੱਤਰ ਮਾਘੀ ਸਿੰਘ ਪੁੱਤਰ ਮੁਰਾਬ ਸਿੰਘ 13. ਮਨਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਪੁੱਤਰ ਅਰਜਨ ਸਿੰਘ ਸਾਰੇ ਵਾਸੀਆਨ ਪਿੰਡ ਡਡਵਿੰਡੀ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ। 14. ਅਰੁਣ ਕੁਮਾਰ ਪੁੱਤਰ ਜਨਕ ਰਾਜ ਮ੍ਰਿਤਕ ਰਾਹੀਂ ਵਾਰਿਸ ਉ. ਅਮਰੀਸ਼ ਸ਼ਰਮਾ (ਪੁੱਤਰ) ਵਾਸੀ ਪੈਟਰੋਲ ਪੰਪ, ਸਾਹਮਣੇ ਪੁਲਿਸ ਸਾਂਝ ਕੇਂਦਰ ਡਡਵਿੰਡੀ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉਪਰ ਲਿਖੇ ਫਰੀਕੈਨ ਦੇਇਮ ਦੀ ਸਧਾਰਨ ਤਰੀਕੇ ਨਾਲ ਇਤਲਾਹ ਨਹੀਂ ਹੋ ਰਹੀਂ। ਇਸ ਲਈ ਇਸ ਇਸ਼ਤਿਹਾਰ ਰਾਹੀਂ ਸਾਰੇ ਫਰੀਕੈਨਦੋਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖੁਦ ਜਾਂ ਉਨ੍ਹਾਂ ਦੇ ਵਾਰਸ ਜਾਂ ਰਾਹੀਂ ਕੌਂਸਲ ਮਿਤੀ 25/04/2023 ਨੂੰ ਦੁਪਹਿਰ 2 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਆਪਣੇ ਪੱਖ ਪੇਸ਼ ਕਰਨ। ਸਮੇਂ ਸਿਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਅੱਜ ਮਿਤੀ 11/04/2023 ਨੂੰ ਮੋਹਰ ਅਦਾਲਤ ਇਸ਼ਤਿਹਾਰ ਰਾਹੀਂ ਹੋਇਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ
ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ
ਐਨ.ਆਰ.ਆਈ'ਜ਼, ਕਪੂਰਥਲਾ।
ਨੰਬਰ 95/ਰੀਡਰ, ਮਿਤੀ 11/4/2023

ਦਫਤਰ ਨਗਰ ਸੁਧਾਰ ਟਰੱਸਟ ਬਰਨਾਲਾ

ਪਬਲਿਕ ਨੋਟਿਸ

ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਲਾਟ ਨੰ. 301, ਵਾਕਿਆ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨਗਰ ਸਕੀਮ ਦੇ ਅਲਾਟੀ ਸ੍ਰੀ ਮੁਕੰਦ ਸਿੰਘ ਪੁੱਤਰ ਸ੍ਰੀ ਅਰਜਨ ਸਿੰਘ ਦੀ ਮੌਤ ਮਿਤੀ 29.05.2005 ਨੂੰ ਹੋਈ, ਬਾਰੇ ਦੱਸ ਕੇ ਉਨ੍ਹਾ ਦੇ ਪੁੱਤਰ ਸ੍ਰੀ ਅਜਿੰਦਰਪਾਲ ਸਿੰਘ ਪੁੱਤਰ ਸ੍ਰੀ ਮੁਕੰਦ ਸਿੰਘ ਵਾਸੀ ਬਰਨਾਲਾ ਨੇ ਇੰਦਰਾਜ਼ ਮਾਲਕੀ ਆਪਣੇ ਨਾਂਅ ਦਰਜ ਕਰਨ ਦੀ ਮੰਗ ਕੀਤੀ ਹੈ। ਬਿਨੈਕਾਰ ਨੇ ਦਰਖਾਸਤ ਨਾਲ ਮਾਣਯੋਗ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ ਬਰਨਾਲਾ) ਜੀ ਵੱਲੋਂ ਦਾਵਾ ਨੰ. ਸੀ ਐੱਸ /740/2022 ਦੇ ਫੈਸਲਾ ਮਿਤੀ 07/02/2023 ਪੇਸ਼ ਕੀਤਾ ਹੈ। ਜਿਸ ਅਨੁਸਾਰ ਮਾਣਯੋਗ ਕੋਰਟ ਨੇ ਨਗਰ ਸੁਧਾਰ ਟਰੱਸਟ ਬਰਨਾਲਾ (ਡਿਫੈਂਡੈਂਟ ਨੰ. 01 ਅਤੇ 02) ਨੂੰ ਹਦਾਇਤ ਕੀਤੀ ਹੈ ਕਿ ਸ੍ਰੀ ਅਜਿੰਦਰਪਾਲ ਸਿੰਘ (ਪਲੈਨਟਿਫ) ਦੇ ਨਾਂਅ ਪ੍ਰਾਪਰਟੀ ਦਰਜ ਕਰਨ ਸੰਬੰਧੀ ਕਾਰਵਾਈ ਕੀਤੀ ਜਾਵੇ। ਡਿਫੈਂਡੈਂਟ ਨੰ. 01 ਅਤੇ 02 ਟਰੱਸਟ ਹੈ ਅਤੇ ਪਲੈਨਟਿਫ ਅਜਿੰਦਰਪਾਲ ਸਿੰਘ ਪੁੱਤਰ ਮੁਕੰਦ ਸਿੰਘ ਹਨ। ਇਸ ਤੋਂ ਬਿਨਾਂ ਡਿਫੈਂਡੈਂਟ ਨੰ. 03 ਅਤੇ 04 ਕ੍ਰਮਵਾਰ ਰਜਿੰਦਰ ਕੌਰ ਪੁੱਤਰੀ ਮੁਕੰਦ ਸਿੰਘ ਅਤੇ ਜਸਵਿੰਦਰਪਾਲ ਕੌਰ ਪੁੱਤਰੀ ਮੁਕੰਦ ਸਿੰਘ ਦੋਨਾਂ ਵੱਲੋਂ ਤਸਦੀਕਸ਼ੁਦਾ ਬਿਆਨ ਹਲਫੀਆ ਦਫਤਰ ਪ੍ਰਾਪਤ ਹੋਏ ਹਨ, ਜਿਸ ਵਿੱਚ ਉਨ੍ਹਾ ਲਿਖਿਆ ਹੈ ਕਿ ਅਗਰ ਕੋਰਟ ਦੇ ਫੈਸਲੇ ਅਨੁਸਾਰ ਪਲਾਟ ਨੰ. 301, 22 ਏਕੜ ਸਕੀਮ ਸਾਡੇ ਭਰਾ ਸ੍ਰੀ ਅਜਿੰਦਰਪਾਲ ਸਿੰਘ ਦੇ ਨਾਂਅ ਟਰੱਸਟ ਰਿਕਾਰਡ ਵਿੱਚ ਦਰਜ ਹੁੰਦਾ ਹੈ, ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਬਿਨੈਕਾਰ ਨੇ ਦਵਿੰਦਰ ਕੌਰ ਪਤਨੀ ਮੁਕੰਦ ਸਿੰਘ ਦੀ ਮੌਤ ਦਾ ਸਰਟੀਫਿਕੇਟ ਵੀ ਪੇਸ਼ ਕੀਤਾ ਹੈ। ਹੁਣ ਟਰੱਸਟ ਰਿਕਾਰਡ ਵਿੱਚ

18-APRIL-PAGE-7.qxd 4/17/2023 10:40 PM Page 1

ਮਿਊਂਸਪਲ ਮੁਲਾਜ਼ਮਾਂ ਨੇ ਡਾਇਰੈਕਟਰ ਲੋਕਲ ਬਾਡੀਜ਼ ਨੂੰ ਸੌਂਪਿਆ ਮੰਗ ਪੱਤਰ

ਮਲੋਟ (ਗੁਰਮੀਤ ਸਿੰਘ ਮੱਕੜ)

ਪੰਜਾਬ ਮਿਊਂਸਪਲ ਵਰਕਰਜ਼ ਯੂਨੀਅਨ ਤੇ ਪੰਜਾਬ ਰਿਟਾਇਰ ਮਿਊਂਸਪਲ ਵਰਕਰਜ਼ ਯੂਨੀਅਨ ਦਾ ਇੱਕ ਸਾਂਝਾ ਵਫਦ ਸ਼੍ਰੀ ਜਨਕ ਰਾਜ ਮਾਨਸਾ ਦੀ ਅਗਵਾਈ ਵਿੱਚ ਸਥਾਨਕ ਸਰਕਾਰ ਵਿਭਾਗ ਦੇ ਡਾਇਰੈਕਟਰ ਸ਼੍ਰੀ ਓਮਾ ਸ਼ੰਕਰ ਨੂੰ ਮਿਲਿਆ। ਇਸ ਵਫਦ ਵਿੱਚ ਪੰਜਾਬ ਮਿਊਂਸਪਲ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਅਮਨਦੀਪ ਸਿੰਘ ਜ਼ੀਰਾ, ਸੂਬਾ ਜਨਰਲ ਸਕੱਤਰ ਟੇਕ ਚੰਦ ਮਲੋਟ, ਸੂਬਾ ਖਜ਼ਾਨਚੀ ਭੂਸ਼ਨ ਕੁਮਾਰ, ਸੂਬਾ ਜੁਆਇੰਟ ਸਕੱਤਰ ਜਤਿੰਦਰ ਕੁਮਾਰ ਫਰੀਦਕੋਟ, ਸੂਬਾ ਮੀਤ ਪ੍ਰਧਾਨ ਮੰਗਤ ਰਾਮ ਅਬੋਹਰ, ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਪਰਮਜੀਤ ਸਿੰਘ ਮੋੜ ਮੰਡੀ, ਭੋਜ ਰਾਮ ਸਰਦੂਲਗੜ੍ਹ, ਪੰਜਾਬ ਰਿਟਾਇਰ ਮਿਊਂਸਪਲ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਭੋਲਾ ਸਿੰਘ ਬਠਿੰਡਾ ਤੇ ਸੂਬਾ ਮੀਤ ਪ੍ਰਧਾਨ ਤਾਰਾ ਸਿੰਘ ਗੋਰਾਇਆ ਸ਼ਾਮਲ ਸਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਬਾ ਜਰਨਲ ਸਕੱਤਰ ਟੇਕ ਚੰਦ ਮਲੋਟ ਨੇ ਦੱਸਿਆ ਕਿ ਵਫਦ ਵੱਲੋਂ ਡਾਇਰੈਕਟਰ ਲੋਕਲ ਬਾਡੀਜ਼ ਨੂੰ ਮੰਗ ਪੱਤਰ ਪੇਸ਼ ਕਰਕੇ ਮੰਗ ਕੀਤੀ ਗਈ ਕਿ ਕਲਰਕਾਂ ਦੀ ਤਰੱਕੀ ਲਈ ਕਾਰਵਾਈ ਕੀਤੀ ਜਾਵੇ, ਮੁਲਾਜ਼ਮਾਂ ਦਾ ਪੀ. ਐੱਫ. ਜਮ੍ਹਾਂ ਕਰਵਾਇਆ ਜਾਵੇ, ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਰਿਟਾਇਰ ਮੁਲਾਜ਼ਮਾਂ ਲਈ ਗਰੈਚੁਇਟੀ ਸਬੰਧੀ ਜਾਰੀ ਪੱਤਰ ਨੂੰ ਲਾਗੂ ਕਰਵਾ ਕੇ ਗਰੈਚੁਇਟੀ ਨਵੇਂ ਸਕੇਲਾਂ ਅਨੁਸਾਰ ਦਿਵਾਈ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਡਾਇਰੈਕਟਰ ਵੱਲੋਂ ਕਾਰਜ ਸਾਧਕ ਅਫਸਰ ਰਾਮਪੁਰਾ ਫੂਲ ਨੂੰ ਮੌਕੇ 'ਤੇ ਫੋਨ ਕਰਕੇ ਕਿਸੇ ਵੀ ਆਊਟ ਸੋਰਸ ਮੁਲਾਜ਼ਮ ਨੂੰ ਨਾ ਹਟਾਉਣ ਦੀ ਹਦਾਇਤ ਕੀਤੀ ਗਈ।ਵਫਦ ਵੱਲੋਂ ਡਾਇਰੈਕਟਰ ਲੋਕਲ ਬਾਡੀਜ਼ ਦਾ ਮੰਗਾਂ ਸਬੰਧੀ ਗੱਲਬਾਤ ਕਰਨ 'ਤੇ ਦੋਵੇਂ ਜਥੇਬੰਦੀਆਂ ਵੱਲੋਂ ਧੰਨਵਾਦ ਕੀਤਾ ਗਿਆ।

ਡਾ. ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਇਨਕਲਾਬੀ ਸਮਾਗਮ

■ ਬਾਬਾ ਸਾਹਿਬ ਦੇ ਜੀਵਨ 'ਤੇ ਅਧਾਰਿਤ ਕੋਰਿਓਗ੍ਰਾਫੀ ਤੇ ਨਾਟਕ ਪੇਸ਼

ਜਲਾਲਾਬਾਦ, (ਜੀਤ ਕੁਮਾਰ)

ਐੱਸ.ਸੀ./ਐੱਸ.ਟੀ./ਓ.ਬੀ.ਸੀ. ਮਹਾਂ ਸੰਘਰਸ਼ ਕਮੇਟੀ ਜਲਾਲਾਬਾਦ ਵੱਲੋਂ ਭਾਰਤ ਰਤਨ ਤੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਾਰ ਜੀ ਦਾ 132ਵਾਂ ਜਨਮ ਦਿਨ ਸਥਾਨਕ ਕਮਿਊਨਿਟੀ ਹਾਲ ਵਿਖੇ ਇਨਕਲਾਬੀ ਸਮਾਗਮ ਦਾ ਆਯੋਜਨ ਕਰਕੇ ਮਨਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਤੇ ਵਿਸ਼ੇਸ਼ ਮਹਿਮਾਨ ਵਜੋਂ ਐੱਸ.ਡੀ.ਐੱਮ. ਓਮ ਪ੍ਰਕਾਸ਼ ਪੀ.ਸੀ.ਐੱਸ. ਅਤੇ ਐਕਸੀਅਨ ਫੂਮਣ ਸਿੰਘ ਪੁੱਜੇ, ਜਦਕਿ ਮੁੱਖ ਬੁਲਾਰੇ ਦੇ ਰੂਪ ਵਿੱਚ ਰਾਸ਼ਟਰਪਤੀ ਐਵਾਰਡੀ ਤੇ ਉੱਘੇ ਸਿੱਖਿਆ ਸ਼ਾਸਤਰੀ ਡਾ. ਰਮੇਸ਼ਵਰ ਕਟਾਰਾ ਪਹੁੰਚੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਘਰਸ਼ ਕਮੇਟੀ ਦੇ ਪ੍ਰਧਾਨ ਰੋਹਿਤ ਗੁਡਾਲੀਆ, ਸਕੱਤਰ ਮਾ. ਜੋਗਿੰਦਰ ਪਾਲ, ਖਜ਼ਾਨਚੀ ਗੁਰਮੇਜ ਲਾਲ, ਮੀਤ ਪ੍ਰਧਾਨ ਡਾ. ਕੌਰ ਸਿੰਘ, ਬਲਦੇਵ ਸਿੰਘ, ਸਰਪ੍ਰਸਤ ਜੋਗਿੰਦਰ ਸਿੰਘ ਰਾਜਪੂਤ, ਗਿਆਨ ਚੰਦ, ਲਖਬੀਰ ਸਿੰਘ ਲੱਧੜ, ਬਲਬੀਰ ਪਵਾਰ, ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਦੇਸ ਰਾਜ ਗੁਡਾਲੀਆ, ਤਿਲਕ ਰਾਜ ਸਰਪੰਚ, ਨਿਰਭੈ ਸਿੰਘ, ਰਮੇਸ਼ ਕੁਮਾਰ ਲਾਡੀ, ਕੁਲਵੰਤ ਸਿੰਘ, ਪ੍ਰਕਾਸ਼ ਦੌਸ਼ੀ, ਡਾ. ਰਮੇਸ਼ ਰੰਗੀਲਾ, ਸਰਬ ਭਾਰਤ ਨੌਜਵਾਨ ਸਭਾ ਦੇ ਪੰਜਾਬ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਅਧਿਆਪਕ ਆਗੂ ਅਸ਼ੋਕ ਸਰਾਰੀ, ਅਮਰਜੀਤ ਸਿੰਘ ਬਿੱਟੂ, ਮਾ. ਜੋਗਿੰਦਰ ਸਿੰਘ ਘੁਬਾਇਆ, ਜਗਜੀਤ ਸਿੰਘ ਗਿੱਲ ਆਦਿ ਨੇ ਸ਼ਿਰਕਤ ਕੀਤੀ।

ਸਮਾਗਮ ਦੇ ਦੌਰਾਨ ਨਾਟਕ ਮੰਡਲੀ ਲੋਕ ਕਲਾਂ ਮੰਚ ਜ਼ੀਰਾ ਨਿਰਦੇਸ਼ਕ ਮੇਘ ਰਾਜ ਰੱਲਾ ਦੀ ਟੀਮ ਵੱਲੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਨੂੰ ਦਰਸਾਉਂਦੀਆਂ ਤੇ ਮਹਾਨ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਪ੍ਰਤੀ ਕੋਰਿਓਗ੍ਰਾਫੀਆਂ ਤੇ ਨਾਟਕ ਪੇਸ਼ ਕੀਤੇ ਗਏ। ਇਸ ਮੌਕੇ ਉੱਘੇ ਸਿੱਖਿਆ ਸ਼ਾਸਤਰੀ ਡਾ. ਰਮੇਸ਼ਵਰ ਸਿੰਘ ਕਟਾਰਾ, ਵਿਧਾਇਕ ਜਗਦੀਪ ਕੰਬੋਜ ਗੋਲਡੀ, ਐਡਵੋਕੇਟ ਪਰਮਜੀਤ ਸਿੰਘ ਢਾਬਾਂ, ਐੱਸ.ਡੀ.ਐੱਮ. ਓਮ ਪ੍ਰਕਾਸ਼ ਨੇ ਸੰਬੋਧਨ ਕਰਦਿਆਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ 'ਤੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਕਿਹਾ ਕਿ ਬਾਬਾ ਸਾਹਿਬ ਇਕ ਸਮਾਜ ਸੁਧਾਰਕ, ਨਿਆਂ ਸ਼ਾਸਤਰੀ, ਅਰਥ-ਸ਼ਾਸਤਰੀ, ਲੇਖਕ, ਬਹੁ-ਵਚਨ ਦੇ ਬੁਲਾਰੇ ਤੇ ਤੁਲਨਾਤਮਕ ਧਰਮਾਂ ਦੇ ਵਿਦਵਾਨ ਸਨ। ਬਾਬਾ ਸਾਹਿਬ ਆਧੁਨਿਕ ਭਾਰਤ ਦੇ ਰਾਜਨੀਤੀ ਵਿਚਾਰਕ, ਅਰਥ ਸ਼ਾਸਤਰੀ, ਸਮਾਜ ਸੁਧਾਰਕ, ਕਾਨੂੰਨ ਸ਼ਾਸਤਰੀ, ਚਿੰਤਕ ਤੇ ਪ੍ਰਭਾਵਸ਼ਾਲੀ ਲੇਖਕ, ਦਲਿਤਾਂ ਮਸੀਹਾ ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਵਜੋਂ ਜਾਣੇ ਜਾਂਦੇ ਹਨ। ਅੱਜ ਉਨ੍ਹਾਂ ਦੀ ਇਸ ਦੇਣ ਸਦਕਾ ਭਾਰਤ ਦੀਆਂ ਕਰੋੜਾਂ ਮਹਿਲਾਵਾਂ ਦੀ ਜ਼ਿੰਦਗੀ ਵਿੱਚ ਸੁਧਾਰ ਆਏ ਤੇ ਉਨ੍ਹਾਂ ਨੂੰ ਦੂਸਰਿਆਂ ਦੇ ਬਰਾਬਰ ਅਧਿਕਾਰ ਦਿਵਾ ਕੇ ਇਕ ਸਨਮਾਨ ਪੂਰਵਕ ਜ਼ਿੰਦਗੀ ਜਿਉਣ ਦਾ ਅਧਿਕਾਰ ਦਿਵਾਇਆ। ਆਪਣੀ ਇਸ ਬਹੁਪੱਖੀ ਸ਼ਖਸੀਅਤ ਕਾਰਨ ਅੱਜ ਪੂਰਾ ਦੇਸ਼ ਉਨ੍ਹਾਂ ਬਾਰੇ ਜਾਣੂ ਹੈ।

ਡਾ: ਦੀਪ ਗਗਨ ਗੁਪਤਾ ਇੰਡੀਅਨ ਡੈਂਟਲ ਐਸੋ. ਸ਼ਾਖਾ ਜ਼ੀਰਾ ਦੇ ਪ੍ਰਧਾਨ ਬਣੇ

ਜ਼ੀਰਾ (ਨਰਿੰਦਰ ਅਨੇਜਾ)-ਇਲਾਕੇ ਦੇ ਡੈਂਟਲ ਸਰਜਨ ਡਾਕਟਰਾਂ ਦੀ ਇੱਕ ਅਹਿਮ ਮੀਟਿੰਗ ਜ਼ੀਰਾ ਦੇ ਇੱਕ ਨਿੱਜੀ ਰੈਸਟੋਰੈਂਟ ਵਿੱਚ ਹੋਈ। ਇਸ ਮੀਟਿੰਗ ਵਿੱਚ ਜ਼ੀਰਾ ਤੋਂ ਇਲਾਵਾ ਹਰੀਕੇ, ਮੱਖੂ, ਤਲਵੰਡੀ ਭਾਈ ਆਦਿ ਤੋਂ 20 ਦੇ ਕਰੀਬ ਡੈਂਟਲ ਸਰਜਨਾਂ ਨੇ ਭਾਗ ਲਿਆ।

ਇਸ ਮੀਟਿੰਗ ਦਾ ਉਦੇਸ਼ ਇੰਡੀਅਨ ਡੈਂਟਲ ਐਸੋਸੀਏਸ਼ਨ ਜ਼ੀਰਾ ਸ਼ਾਖਾ ਦੀ ਸਥਾਪਨਾ ਕਰਨਾ ਸੀ। ਸਰਬਸੰਮਤੀ ਨਾਲ ਡਾ: ਜਸਪ੍ਰੀਤ ਸਿੰਘ ਨੂੰ ਸਰਪ੍ਰਸਤ, ਡਾ: ਦੀਪ ਗਗਨ ਗੁਪਤਾ ਨੂੰ ਪ੍ਰਧਾਨ, ਡਾ: ਅਮਨਦੀਪ ਸਿੰਘ ਨੂੰ ਜਨਰਲ ਸਕੱਤਰ ਤੇ ਡਾ: ਭੁਪਿੰਦਰ ਸਿੰਘ ਸੰਧੂ ਨੂੰ ਖਜ਼ਾਨਚੀ ਬਣਾਇਆ ਗਿਆ। ਡਾ: ਅਮਿਤ ਕਾਲੜਾ, ਗੁਲਸ਼ਨ ਪ੍ਰੀਤ ਕੌਰ ਧੰਜੂ ਨੂੰ ਮੀਤ ਪ੍ਰਧਾਨ, ਡਾ: ਰਾਜੀਵ ਪੁਰੀ, ਡਾਕਟਰ ਰਜਤ ਠੁਕਰਾਲ ਨੂੰ ਸੰਯੁਕਤ ਸਕੱਤਰ, ਡਾ: ਪਰਮਪ੍ਰੀਤ ਕਾਲੜਾ, ਡਾਕਟਰ ਕੁਮਾਰ ਚੌਧਰੀ ਨੂੰ ਸਲਾਹਕਾਰ, ਡਾ: ਈਸਾ ਮਿੱਤਲ ਨੂੰ ਮਹਿਲਾ ਚੇਅਰਪਰਸਨ, ਡਾ: ਭੁਪਿੰਦਰ ਸਿੰਘ ਨੂੰ ਖੇਡ ਸਕੱਤਰ ਦੀ ਜ਼ਿੰਮੇਦਾਰੀ ਦਿੱਤੀ ਗਈ। ਇਸ ਤੋਂ ਇਲਾਵਾ ਡਾ: ਸ਼ਿਖਾ ਕਾਲੜਾ, ਡਾ: ਮਧੂ ਸੂਦਨ, ਡਾਕਟਰ ਤਾਨੀਆ ਨਰੂਲਾ, ਡਾ: ਨਿਸ਼ਠਾ ਬੁਲੰਦੀ, ਡਾ: ਸੁਖਦੇਵ ਕਾਲੜਾ, ਡਾ: ਦਿਆਲ ਸਿੰਘ, ਡਾ: ਅਵਿਸ਼ਾਪੁਰੀ, ਡਾ: ਅਧਿਆ, ਡਾਕਟਰ ਰਾਬੀਆ, ਡਾ: ਜਸ਼ਨਪ੍ਰੀਤ ਸਿੰਘ, ਡਾ: ਸੁਨਿਧੀ ਖੁੱਲਰ, ਡਾਕਟਰ ਤੇਜਿੰਦਰ ਕੌਰ ਨੂੰ ਐਗਜ਼ੈਕਟਿਵ ਕਮੇਟੀ ਦੇ ਮੈਂਬਰਾਂ ਦੀ ਜ਼ਿੰਮੇਵਾਰੀ ਸੌਂਪੀ ਗਈ।

ਕਾਤਰਾਂ

ਟੱਚ ਸਕਾਈ ਨੇ ਸੁਖਦੀਪ ਸਿੰਘ ਦਾ ਲਵਾਇਆ ਕੈਨੇਡਾ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਸੰਸਥਾ ਟੱਚ ਸਕਾਈ ਇੰਸਟੀਚਿਊਟ ਆਫ ਇੰਗਲਿਸ਼ ਐਂਡ ਇੰਮੀਗ੍ਰੇਸ਼ਨ ਦੇ ਮੁਖੀ ਪੰਕਜ ਗੁਪਤਾ ਤੇ ਸੰਦੀਪ ਮਹਿਤਾ ਨੇ ਦੱਸਿਆ ਕਿ ਸੰਸਥਾ ਵੱਲੋਂ ਸੁਖਦੀਪ ਸਿੰਘ ਵਾਸੀ ਲੰਗੇਆਣਾ ਦਾ ਓਪਨ ਵਰਕ ਪਰਮਿੱਟ ਕੈਨੇਡਾ ਦਾ ਵੀਜ਼ਾ ਲਗਵਾਇਆ ਗਿਆ ਹੈ। ਮੁਖੀ ਪੰਕਜ ਗੁਪਤਾ ਨੇ ਦੱਸਿਆ ਕਿ ਸੈਂਟਰ 'ਚ ਬੱਚਿਆਂ ਨੂੰ ਆਈਲਟਸ ਦੀ ਪੜ੍ਹਾਈ ਅਧਿਆਪਕਾਂ ਦੁਆਰਾ ਬਹੁਤ ਹੀ ਵਧੀਆ ਤਰੀਕੇ ਨਾਲ ਕਰਵਾਈ ਜਾਂਦੀ ਹੈ। ਇਸ ਮੌਕੇ ਪੰਕਜ ਗੁਪਤਾ ਨੇ ਵੀਜ਼ਾ ਲੱਗਾ ਪਾਸਪੋਰਟ ਦੇ ਕੇ ਉਸ ਨੂੰ ਵਧਾਈ ਦਿੱਤੀ।

'ਫੇਕ ਮੀਡੀਆ' ਨੂੰ ਸ਼ਰੋਤਿਆਂ ਵੱਲੋਂ ਮਿਲ ਰਿਹਾ ਭਰਪੂਰ ਹੁੰਗਾਰਾ...

ਮਾਨਸਾ (ਆਤਮਾ ਸਿੰਘ ਪਮਾਰ)-ਸਿੱਧੂ ਮਾਨਸਾ ਆਲਾ ਦੇ ਨਵੇਂ ਰਿਲੀਜ਼ ਹੋਏ ਗੀਤ 'ਫੇਕ ਮੀਡੀਆ' ਨੂੰ ਸਰੋਤਿਆਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾ ਰਿਹਾ ਹੈ। ਸਿੱਧੂ ਮਾਨਸਾ ਆਲੇ ਨੇ ਕਿਹਾ ਕਿ ਬਚਪਨ ਤੋਂ ਹੀ ਵੱਖ-ਵੱਖ ਗਾਇਕਾਂ ਦੇ ਗਾਏ ਗੀਤ ਸੁਣ ਕੇ ਗਾਹੇ ਬਗਾਹੇ ਉਨ੍ਹਾਂ ਦੀ ਨਕਲ ਕਰਕੇ, ਗੁਣਗੁਣਾਉਣਾ ਦਾ ਸ਼ੌਕ ਸੀ, ਜੋ ਉਸ ਨੂੰ ਇਸ ਖੇਤਰ ਵੱਲ ਖਿੱਚ ਲਿਆਇਆ। ਜੱਸੀ ਨੇ ਦੱਸਿਆ ਕਿ ਉਹ ਆਪ ਹੀ ਗੀਤ ਲਿਖਦਾ ਤੇ ਕੰਪੋਜਿੰਗ ਵੀ ਖੁਦ ਹੀ ਕਰਦਾ ਹੈ। ਇਸ ਗੀਤ ਨੂੰ ਸੰਗੀਤਬੱਧ ਬੀਟ ਕਰੂਜਰ ਵੱਲੋਂ, ਜਦੋਂ ਕਿ ਵੀਡੀਓ ਫਿਲਮਾਂਕਣ ਸੁੱਖ-ਏ ਵੱਲੋਂ ਕੀਤਾ ਗਿਆ ਹੈ। ਇਸ ਮੌਕੇ ਐਮ. ਸੀ ਅਮਨ ਢੁੰਡਾ ਬਲਜਿੰਦਰ ਸੰਗੀਲਾ, ਜੀਵਨ ਸ਼ਰਮਾ, ਹਰਦੀਪ ਸਿੱਧੂ ਐਡਵੋਕੇਟ, ਜਗਤਾਰ ਸਿੰਘ ਗੁਰੀ ਚਹਿਲ, ਰਣਵੀਰ ਮਾਨਸਾਹੀਆ, ਸਮਾਜ ਸੇਵੀ ਗੁਰਪ੍ਰੀਤ ਸਿੰਘ ਭੰਮਾ ਸੱਤਪਾਲ ਮੌਗਾਂ ਫੋਟੋਗਰਾਫਰ ਅਤੇ ਸੇਵਾਮੁਕਤ ਸੁਪਰਡੈਂਟ ਬਲਦੇਵ ਸਿੰਘ ਆਦਿ ਵੱਲੋਂ ਵੀ ਗੀਤ ਨੂੰ ਲੈ ਕੇ ਸਿੱਧੂ ਮਾਨਸਾ ਆਲੇ ਨੂੰ ਵਧਾਈਆ ਦਿੱਤੀਆਂ ਤੇ ਆਉਣ ਵਾਲੇ ਸਮੇਂ ਵਿੱਚ ਗੀਤ ਲਿਖਣ ਸਬਧੀ ਆਪੋ ਆਪਣੇ ਸੁਝਾਅ ਵੀ ਦਿੱਤੇ।

ਜੇ ਐੱਮ ਐੱਸ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿਗਲਾ)-ਜੇ.ਐੱਮ.ਐੱਸ. ਸੰਸਥਾ ਵੱਲੋਂ ਪ੍ਰਕਾਸ਼ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਅਬੋਹਰ ਜ਼ਿਲ੍ਹਾ ਫਿਰੋਜ਼ਪੁਰ ਦਾ ਕੈਨੇਡਾ ਦੇ ਕੋਨੈਸਟੋਗਾ ਕਾਲਜ ਦਾ ਸਟੱਡੀ ਵੀਜ਼ਾ ਲਗਵਾਇਆ ਗਿਆ ਹੈ। ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਦੱਸਿਆ ਕਿ ਸੰਸਥਾ ਵੱਲੋਂ ਬਹੁਤ ਹੀ ਘੱਟ ਖਰਚੇ ਵਾਲੇ ਤੇ ਵਧੀਆ ਕਾਲਜ ਵਿੱਚ ਵਿਦਿਆਰਥੀ ਦਾ ਦਾਖਲਾ ਕਰਵਾਇਆ ਜਾਂਦਾ ਹੈ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਤੇ ਕੈਨੇਡਾ ਮੈਰਿਜ ਬਿਊਰੋ ਦੇ ਡਾਇਰੈਕਟਰ ਗਗਨਦੀਪ ਸਿੰਘ ਨੇ ਵਿਦਿਆਰਥੀ ਨੂੰ ਵੀਜ਼ੇ ਦੀ ਕਾਪੀ ਸੌਂਪਦਿਆਂ ਉਸ ਦੇ ਉੱਜਵਲ ਭਵਿੱਖ ਦੀ ਸ਼ੁੱਭ ਕਾਮਨਾ ਕੀਤੀ।

ਹਾਰਵਰਡ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ

ਬਾਘਾ ਪੁਰਾਣਾ (ਮਨੀ ਸਿਗਲਾ)-ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਬਹੁਤ ਹੀ ਧੂਮ-ਧਾਮ ਨਾਲ ਮਨਾਇਆ। ਇਸ ਖਾਸ ਮੌਕੇ ਉੱਤੇ ਸਕੂਲ ਦੇ ਡਾਇਰੈਕਟਰ ਇੰਜ: ਜਗਦੀਪ ਸਿੰਘ ਬਰਾੜ, ਚੇਅਰਮੇਨ ਨਵਦੀਪ ਸਿੰਘ ਬਰਾੜ, ਪ੍ਰਿੰਸੀਪਲ ਮੈਡਮ ਨਿਧੀ ਬਰਾੜ ਨੇ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੱਤੀ। ਇਸ ਸਮੇਂ ਸਕੂਲ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਬੱਚਿਆਂ ਦੁਆਰਾ ਗਿੱਧਾ, ਭੰਗੜਾ ਤੇ ਡਾਂਸ ਦੀਆਂ ਆਦਿ ਦੀਆਂ ਆਇਟਮਾਂ ਪੇਸ਼ ਕੀਤੀਆਂ ਗਈਆਂ, ਜੋ ਦਿਲ ਟੁੰਬਦੀਆਂ ਸਨ। ਇਸ ਸਮੇਂ ਸਕੂਲ ਡਾਇਰੈਕਟਰ ਇੰਜ. ਜਗਦੀਪ ਸਿੰਘ ਬਰਾੜ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਤੇ ਉਨ੍ਹਾਂ ਨੇ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਬੱਚਿਆਂ ਨੂੰ ਵਿਸਥਾਰ ਸਹਿਤ ਦੱਸਿਆ। ਇਸ ਮੌਕੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

ਹੋਲੀ ਹਾਰਟ ਸਕੂਲ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ

ਅਜੀਤਵਾਲ (ਨਛੱਤਰ ਸੰਧੂ)

ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਹਰ ਸਾਲ 14 ਅਪ੍ਰੈਲ ਨੂੰ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਉਨ੍ਹਾ ਆਪਣਾ ਸਾਰਾ ਜੀਵਨ ਅਛੂਤਾਂ, ਦੱਬੇ ਕੁਚਲੇ, ਔਰਤਾਂ ਤੇ ਮਜ਼ਦੂਰਾਂ ਦੀ ਬਿਹਤਰੀ ਨੂੰ ਸਮਰਪਤ ਕਰ ਦਿੱਤਾ। ਡਾ. ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਹੋਇਆ ਸੀ ਤੇ ਉਨ੍ਹਾਂ ਦੇ ਜਨਮ ਦਿਨ ਨੂੰ ਦੇਸ਼ ਦੇ ਕਈ ਹਿੱਸਿਆਂ ਵਿੱਚ ਰਾਸ਼ਟਰੀ ਛੁੱਟੀ ਵਜੋਂ ਮਨਾਇਆ ਜਾਂਦਾ ਹੈ। ਡਾ. ਅੰਬੇਡਕਰ ਦੇ ਪਿਤਾ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ ਬ੍ਰਿਟਿਸ਼ ਇੰਡੀਅਨ ਆਰਮੀ 'ਚ ਨੌਕਰੀ ਕਰਦੇ ਸਨ ਤੇ ਮਾਤਾ ਭੀਮਾ ਬਾਈ ਬੜੀ ਨੇਕ ਤੇ ਸਮਝਦਾਰ ਇਸਤਰੀ ਸੀ। 17 ਸਾਲਾਂ ਦੀ ਉਮਰ 'ਚ ਇਨ੍ਹਾਂ ਦਾ ਵਿਆਹ ਰਾਮਾ ਬਾਈ ਨਾਲ ਹੋ ਗਿਆ, ਉਦੋਂ ਰਾਮਾ ਬਾਈ ਦੀ ਉਮਰ ਸਿਰਫ਼ 9 ਸਾਲ ਸੀ। ਅਛੂਤ ਹੋਣ ਕਰਕੇ ਭੀਮ ਰਾਓ ਅੰਬੇਡਕਰ ਨੂੰ ਬਾਕੀ ਵਿਦਿਆਰਥੀਆਂ ਤੋਂ ਅਲੱਗ ਬੈਠਣਾ ਪੈਂਦਾ ਸੀ। ਕ੍ਰਿਕਟ ਦਾ ਸ਼ੌਕ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਦੂਜੇ ਵਿਦਿਆਰਥੀਆਂ ਨਾਲ ਖੇਡਣ ਦੀ ਆਗਿਆ ਨਹੀਂ ਸੀ। ਘਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਮੁੰਬਈ ਦੇ ਐਲਿਫ਼ਸਟੋਨ ਕਾਲਜ ਤੋਂ ਬੀ. ਏ. ਪਾਸ ਕਰ ਲਈ। ਬ

18-April-PAGE-8.qxd 4/17/2023 10:52 PM Page 1

ਨੂਰਮਹਿਲ ਤੇ ਨਕੋਦਰ ਦੇ ਮੰਡ ਖੇਤਰਾਂ 'ਚ 13500 ਕਿਲੋ ਲਾਹਣ ਬਰਾਮਦ ਕਰਕੇ ਕੀਤੀ ਨਸ਼ਟ

ਜਲੰਧਰ, (ਸ਼ੈਲੀ ਐਲਬਰਟ) ਆਬਕਾਰੀ ਵਿਭਾਗ ਦੀਆਂ ਟੀਮਾਂ ਵਲੋਂ ਅੱਜ ਨੂਰਮਹਿਲ ਅਤੇ ਨਕੋਦਰ ਦੇ ਮੰਡ ਇਲਾਕਿਆਂ ਵਿੱਚ ਵਿਸ਼ੇਸ਼ ਅਪਰੇਸ਼ਨ ਚਲਾਇਆ ਗਿਆ ਜਿਸ ਤਹਿਤ ਟੀਮਾਂ ਨੂੰ ਵੱਡੀ ਸਫ਼ਲਤਾ ਮਿਲੀ ਅਤੇ ਇਨ੍ਹਾਂ ਖੇਤਰਾਂ ਵਿਚੋਂ 13500 ਕਿੱਲੋ ਲਾਹਣ ਬਰਾਮਦ ਕਰਕੇ ਨਸ਼ਟ ਕੀਤੀ ਗਈ। ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਆਬਕਾਰੀ ਅਤੇ ਪੁਲਸ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕ ਸਭਾ ਦੀ ਜਿਮਨੀ ਚੋਣ ਦੇ ਮੱਦੇਨਜ਼ਰ ਸ਼ਰਾਬ ਦੀ ਨਜਾਇਜ਼ ਵਿਕਰੀ ਅਤੇ ਸਮੱਗਲਿੰਗ 'ਤੇ ਖਾਸ ਨਜ਼ਰ ਰੱਖੀ ਜਾਵੇ ਅਤੇ ਅਜਿਹੀ ਕਿਸੇ ਵੀ ਗਤੀਵਿਧੀ ਦਾ ਪਤਾ ਲੱਗਣ 'ਤੇ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਆਬਕਾਰੀ ਵਿਭਾਗ ਵੱਲੋਂ ਅੱਜ ਚਲਾਏ ਅਪਰੇਸ਼ਨ ਸੰਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਕਮਿਸ਼ਨਰ ਆਬਕਾਰੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਆਬਕਾਰੀ ਇੰਸਪੈਕਟਰ ਰਾਮ ਮੂਰਤੀ ਦੀ ਅਗਵਾਈ ਵਿੱਚ ਟੀਮ ਵੱਲੋਂ ਨੂਰਮਹਿਲ ਖੇਤਰ ਵਿੱਚ ਸਤਲੁਜ ਦਰਿਆ ਕੰਢੇ ਪਿੰਡ ਭੋਡੇ, ਬੁਰਜ, ਸੰਗੋਵਾਲ, ਡਗਾਰਾ ਅਤੇ ਮਿਓਂਵਾਲ ਵਿਖੇ ਕੀਤੀ ਚੈਕਿੰਗ ਦੌਰਾਨ ਪਲਾਸਟਿਕ ਦੀਆਂ 23 ਤਰਪਾਲਾਂ, 4 ਲੋਹੇ ਦੇ ਡਰੰਮ, 4 ਲੋਹੇ ਦੇ ਟੀਨ, ਪਲਾਸਟਿਕ ਪਾਈਪਾਂ ਅਤੇ 2 ਸਿਲੰਡਰ ਨੁਮਾ ਡਰੰਮ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਹਰੇਕ ਤਰਪਾਲ ਵਿੱਚ 500 ਕਿਲੋ ਦੇ ਕਰੀਬ ਲਾਹਣ ਸੀ ਜੋ ਕੁੱਲ 11500 ਕਿਲੋ ਬਣਦੀ ਹੈ। ਸਹਾਇਕ ਕਮਿਸ਼ਨਰ ਨੇ ਦੱਸਿਆ ਕਿ ਇਸੇ ਤਰ੍ਹਾਂ ਆਬਕਾਰੀ ਇੰਸਪੈਕਟਰ ਸਾਹਿਲ ਰੰਗਾ ਦੀ ਅਗਵਾਈ ਵਿੱਚ ਟੀਮ ਵਲੋਂ ਨਕੋਦਰ ਵਿਖੇ ਸਤਲੁਜ ਦਰਿਆ ਦੇ ਕੰਢੇ ਪਿੰਡ ਬੇਹਰ ਅਤੇ ਕੈਮਵਾਲਾ ਵਿਖੇ 4 ਤਰਪਾਲਾਂ ਬਰਾਮਦ ਕੀਤੀਆਂ ਗਈਆਂ ਜਿਨ੍ਹਾਂ ਵਿੱਚੋਂ 2000 ਕਿਲੋ ਦੇ ਕਰੀਬ ਲਾਹਣ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਟੀਮਾਂ ਵੱਲੋਂ ਬਰਾਮਦ ਕੁੱਲ 13500 ਕਿਲੋ ਦੇ ਕਰੀਬ ਲਾਹਣ ਨੂੰ ਨਸ਼ਟ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਆਬਕਾਰੀ ਵਿਭਾਗ ਵੱਲੋਂ ਆਉਂਦੇ ਦਿਨਾਂ ਵਿੱਚ ਅਪਰੇਸ਼ਨ ਹੋਰ ਤੇਜ਼ ਕੀਤੇ ਜਾਣਗੇ ਅਤੇ ਅਜਿਹੀਆਂ ਕਾਰਵਾਈਆਂ ਖਿਲਾਫ਼ ਪੂਰੀ ਸਖ਼ਤੀ ਵਰਤੀ ਜਾਵੇਗੀ।

ਸ਼ਹੀਦ ਬਾਬਾ ਸਮੀਰ ਸਿੰਘ ਦਾ ਸਲਾਨਾ ਜੋੜ ਮੇਲਾ ਕਰਵਾਇਆ

ਮਹਿਤਪੁਰ, (ਰਾਜਾ)- ਪਿੰਡ ਸਿੱਧਵਾਂ ਸਟੇਸ਼ਨ ਵਿਖੇ ਸੰਤ ਬਾਬਾ ਸਮੀਰ ਦੇ ਅਸਥਾਨ 'ਤੇ ਸ਼ਹੀਦ ਬਾਬਾ ਸਮੀਰ ਸਿੰਘ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ ਜਿਸ ਵਿੱਚ ਆਰੰਭ ਕੀਤੇ ਦਸ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਪ੍ਰਸਿੱਧ ਪੰਥਕ ਇੰਟਰਨੈਸ਼ਨਲ ਗਿਆਨੀ ਹਰਦੀਪ ਸਿੰਘ ਖਾਲਸਾ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਤੇ ਉਨ੍ਹਾਂ ਨੌਜਵਾਨਾਂ ਤੇ ਬੱਚਿਆਂ ਨੂੰ ਬਾਣੀ ਤੇ ਬਾਣੇ ਨਾਲ ਜੁੜੇ ਰਹਿਣ ਦੀ ਬੇਨਤੀ ਕੀਤੀ ਤੇ ਬਾਬਾ ਸਮੀਰ ਸਿੰਘ ਵੱਲੋਂ ਕੀਤੀਆਂ ਕੁਰਬਾਨੀਆਂ ਦੇ ਇਤਿਹਾਸ 'ਤੇ ਚਾਨਣਾ ਪਾਇਆ। ਇਸ ਮੌਕੇ ਭਾਈ ਪ੍ਰਧਾਨ ਅਮਰੀਕ ਸਿੰਘ ਸਮਰਾ ਤੇ ਜਗਤਾਰ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਇਹ ਜੋੜ ਮੇਲਾ ਹਰ ਸਾਲ ਬੜੀ ਸ਼ਰਧਾ ਭਾਵਨਾ ਤੇ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ ਤੇ ਇਸ ਅਸਥਾਨ ਵਿਖੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਹਾਜ਼ਰੀ ਲਵਾਉਣ ਲਈ ਪਹੁੰਚਦੀਆਂ ਹਨ ਤੇ ਵੱਡੀ ਗਿਣਤੀ ਵਿੱਚ ਨਤਮਸਤਕ ਹੁੰਦੀਆਂ ਹਨ। ਸੰਗਤਾਂ ਵਾਸਤੇ ਚਾਹ ਪਕੌੜਿਆਂ ਤੇ ਗੁਰੂ ਕੇ ਲੰਗਰ ਲਗਾਏ ਗਏ।

ਆਪ ਉਮੀਦਵਾਰ ਸੁਸ਼ੀਲ ਰਿੰਕੂ ਨਿਰਮਲ ਕੁਟੀਆ ਸੀਚੇਵਾਲ ਹੋਏ ਨਤਮਸਤਕ

ਸੰਤ ਸੀਚੇਵਾਲ ਵੱਲੋਂ ਸੌਂਪਿਆ ਗਿਆ ਵਾਤਾਵਰਣ ਏਜੰਡਾ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਲੋਕ ਸਭਾ ਹਲਕਾ ਜਲੰਧਰ ਤੋਂ ਉਪ ਚੋਣ ਲੜ ਰਹੇ ਆਪ ਦੇ ਉਮੀਦਵਾਰ ਸੁਸ਼ੀਲ ਰਿੰਕੂ ਅੱਜ ਨਿਰਮਲ ਕੁਟੀਆ ਸੀਚੇਵਾਲ ਵਿੱਚ ਨਤਮਸਤਕ ਹੋਏ। ਉਨ੍ਹਾਂ ਇੱਥੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਆਸ਼ੀਰਵਾਦ ਲਿਆ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਲਾਕੇ ਦੀਆਂ ਮੰਗਾਂ ਬਾਰੇ ਇੱਕ ਮੰਗ ਪੱਤਰ ਸੌਂਪਦਿਆਂ ਕਿਹਾ ਕਿ ਉਹ ਆਪਣੇ ਚੋਣ ਪ੍ਰਚਾਰ ਦੌਰਾਨ ਵਾਤਾਵਰਣ ਨੂੰ ਮੁੱਖ ਮੁੱਦਾ ਬਣਾਉਣ ਕਿਉਂਕਿ ਵਾਤਾਵਰਣ ਦੇ ਪ੍ਰਦੂਸ਼ਣ ਨਾਲ ਲੋਕਾਂ ਦਾ ਜੀਵਨ ਖਤਰੇ ਵਿੱਚ ਪਿਆ ਹੋਇਆ ਹੈ। ਸੰਤ ਸੀਚੇਵਾਲ ਵੱਲੋਂ ਦਿੱਤੇ ਗਏ ਮੰਗ ਪੱਤਰ ਵਿੱਚ 7 ਪ੍ਰਮੁੱਖ ਮੰਗਾਂ ਹਨ। ਸੰਤ ਸੀਚੇਵਾਲ ਨੇ ਕਿਹਾ ਇਸ ਮੰਗ ਪੱਤਰ ਨੂੰ ਜਲੰਧਰ ਲੋਕ ਸਭਾ ਹਲਕੇ ਤੋਂ ਉਪ ਚੋਣ ਲੜ ਰਹੇ ਸਾਰੇ ਉਮੀਦਵਾਰਾਂ ਤੱਕ ਪਹੁੰਚਦਾ ਕੀਤਾ ਜਾਵੇਗਾ। ਇਨ੍ਹਾਂ ਮੰਗਾਂ ਵਿੱਚ ਸਭ ਤੋਂ ਅਹਿਮ ਮੰਗ ਕਾਲਾ ਸੰਘਿਆ ਡਰੇਨ, ਜਮਸ਼ੇਰ ਡਰੇਨ, ਚਿੱਟੀ ਵੇਈਂ ਅਤੇ ਸਤਲੁਜ ਦਰਿਆ ਵਿੱਚ ਪੈ ਰਹੇ ਜ਼ਹਿਰੀਲੇ ਪਾਣੀਆਂ ਨੂੰ ਰੋਕਣ ਬਾਰੇ ਹੈ। ਆਪ ਉਮੀਦਵਾਰ ਰਿੰਕੂ ਨੇ ਭਰੋਸਾ ਦਿੱਤਾ ਕਿ ਸੰਤ ਸੀਚੇਵਾਲ ਪਾਸੋਂ ਜਿਹੜੇ ਮੁੱਦਿਆਂ ਨੂੰ ਲੈ ਕੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਗਿਆ ਹੈ, ਉਹ ਪਹਿਲ ਦੇ ਅਧਾਰ 'ਤੇ ਹੱਲ ਕਰਵਾਏ ਜਾਣਗੇ ਤੇ ਵਾਤਾਵਰਣ ਵਰਗੇ ਗੰਭੀਰ ਮੁੱਦੇ ਨੂੰ ਉਹ ਪ੍ਰਮੁੱਖਤਾ ਦੇਣਗੇ। ਉਨ੍ਹਾਂ ਸੰਤ ਸੀਚੇਵਾਲ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਵਾਤਾਵਰਣ ਦੇ ਪੱਖ ਤੋਂ ਜਿਹੜੀ ਮਨੁੱਖਤਾ ਦੀ ਸੇਵਾ ਕੀਤੀ ਹੈ ਪੰਜਾਬ ਉਨ੍ਹਾਂ ਦਾ ਸਦਾ ਰਿਣੀ ਰਹੇਗਾ। ਜ਼ਿਕਰਯੋਗ ਹੈ ਕਿ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਸਾਲ 2009 ਦੀਆਂ ਲੋਕ ਸਭਾ ਦੀਆਂ ਚੋਣਾਂ ਤੋਂ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਵਾਤਾਵਰਣ ਦਾ ਏਜੰਡਾ ਸੌਂਪਦੇ ਆ ਰਹੇ ਹਨ ਤੇ ਉਨ੍ਹਾਂ ਨੇ ਰਾਜ ਸਭਾ ਦੇ ਮੈਂਬਰ ਬਣਨ ਤੋਂ ਬਾਅਦ ਵੀ ਆਪਣੇ ਅਸਲ ਮੁੱਦਿਆਂ ਨੂੰ ਕਦੇਂ ਨਹੀਂ ਵਿਸਾਰਿਆ। ਸੰਤ ਸੀਚੇਵਾਲ ਨੇ ਕਿਹਾ ਕਿ ਉਹ ਵਾਤਾਵਰਣ ਦੇ ਮੁੱਦਿਆ 'ਤੇ ਹਮੇਸ਼ਾ ਪਹਿਰਾ ਦਿੰਦੇ ਰਹਿਣਗੇ ਤੇ ਇਸ ਬਾਰੇ ਲੋਕਾਂ ਦੀ ਲਾਮਬੰਦੀ ਵੀ ਕਰਦੇ ਰਹਿਣਗੇ। ਉਨ੍ਹਾਂ ਮੰਗ ਕੀਤੀ ਕਿ ਦੁਆਬੇ ਦੇ ਹਿੱਸੇ ਦਾ 1465 ਕਿਊਸਿਕ ਪਾਣੀ ਬਿਸਤ ਦੁਆਬ ਰਾਹੀ ਛੱਡਿਆ ਜਾਵੇ ਅਤੇ ਪਾਣੀ ਨੂੰ ਖੇਤਾਂ ਤੱਕ ਪੁੱਜਦਾ ਕਰਨ ਲਈ ਜ਼ਮੀਨਦੋਜ਼ ਪਾਇਪ ਲਾਈਨ ਪਾਈ ਜਾਵੇ। ਸੰਤ ਸੀਚੇਵਾਲ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਐਨ.ਜੀ.ਟੀ ਵੱਲੋਂ ਬਣਾਈ ਗਈ ਨਿਗਰਾਨ ਕਮੇਟੀ ਦੇ ਮੈਂਬਰ ਹੁੰਦਿਆਂ ਹੋਇਆਂ ਸਮੁੱਚੇ ਪੰਜਾਬ ਦੇ ਟਰੀਟਮੈਂਟ ਪਲਾਂਟਾਂ ਦਾ ਦੌਰਾ ਕੀਤਾ ਸੀ। ਜਿਨ੍ਹਾਂ ਵਿਚੋਂ ਬਹੁਤੇ ਚੱਲ ਨਹੀਂ ਸੀ ਰਹੇ। ਇਸੇ ਤਰ੍ਹਾਂ ਜਲੰਧਰ ਦੇ ਬਸਤੀ ਪੀਰਦਾਦ ਵਾਲਾ 50 ਐਮ.ਐਲ.ਡੀ ਦਾ ਪਲਾਂਟ ਵੀ ਆਪਣੀ ਪੂਰੀ ਸਮਰੱਥਾ ਨਾਲ 24 ਘੰਟੇ ਨਹੀਂ ਚਲਾਇਆ ਜਾਂਦਾ। ਉਨ੍ਹਾਂ ਗਿੱਦੜਪਿੰਡੀ ਤੋਂ ਫਿਲੌਰ ਤੱਕ ਧੁੱਸੀ ਬੰਨ੍ਹ 'ਤੇ ਪੱਕੀ ਸੜਕ ਬਣਾਈ ਦੀ ਅਪੀਲ ਕੀਤੀ ਤਾਂ ਜੋ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਤਾਵਰਣ ਸਮੇਤ ਸਿਹਤ ਅਤੇ ਸਿੱਖਿਆ ਨਾਲ ਜੁੜੇ ਮੁੱਦਿਆ ਨੂੰ ਚੋਣ ਪ੍ਰਚਾਰ ਦੌਰਾਨ ਮੁੱਖ ਮੁੱਦੇ ਬਣਾਏ ਜਾਣ ਅਤੇ ਜਿੱਤ ਤੋਂ ਬਾਅਦ ਇਹ ਮੁੱਦੇ ਲੋਕ ਸਭਾ ਵਿੱਚ ਵੀ ਉਠਾਏ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਰਾਜਵਿੰਦਰ ਕੌਰ ਖਿਆੜਾ, ਸ਼ਾਹਕੋਟ ਹਲਕੇ ਤੋਂ ਆਪ ਦੇ ਇੰਚਾਰਜ ਰਤਨ ਸਿੰਘ ਕਾਕੜ ਕਲਾਂ, ਆਪ ਦੇ ਕਾਨੂੰਨੀ ਵਿੰਗ ਦੇ ਸਲਾਹਕਾਰ ਐਡਵੋਕੇਟ ਗੁਰਭੇਜ ਸਿੰਘ, ਸਾਬਕਾ ਚੇਅਰਮੈਨ ਮੋਹਣ ਲਾਲ ਸੂਦ, ਬੀਸੀ ਵਿੰਗ ਦੇ ਆਗੂ ਹਰਜਿੰਦਰ ਸਿੰਘ ਸੀਚੇਵਾਲ, ਅਮਰੀਕ ਸਿੰਘ ਸੰਧੂ, ਸਰਪੰਚ ਤਜਿੰਦਰ ਸਿੰਘ, ਬੂਟਾ ਸਿੰਘ, ਦਇਆ ਸਿੰਘ, ਕੁਲਵਿੰਦਰ ਸਿੰਘ ਸਮੇਤ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ।

ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ 'ਚ ਪੈਨਸ਼ਨਰਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ-ਚਰਚਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ) ਪੰਜਾਬ ਪੈਨਸ਼ਨਰਜ਼ ਦੀ ਮੀਟਿੰਗ ਪੰਜਾਬ ਪੈਨਸ਼ਨਰ ਯੂਨੀਅਨ ਰੋਪੜ ਦੇ ਜ਼ਿਲ੍ਹਾ ਪ੍ਰਧਾਨ ਨਸੀਬ ਸਿੰਘ ਜੜੌਤ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਕਾਮਰੇਡ ਮੁਕੰਦ ਲਾਲ ਨਵਾਂਸ਼ਹਿਰ ਸੂਬਾ ਕਮੇਟੀ ਮੈਂਬਰ ਸਮੇਤ ਜ਼ਿਲ੍ਹਾ ਜਨਰਲ ਸਕੱਤਰ ਪੰਜਾਬ ਪੈਨਸ਼ਨਰਜ਼ ਹਰਬੰਸ ਸਿੰਘ ਵੱਲੋਂ ਪੈਨਸ਼ਨਰਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਵਿਚਾਰ ਚਰਚਾ ਵਿੱਚ ਦੀਦਾਰ ਸਿੰਘ, ਬਲਵਿੰਦਰ ਸਿੰਘ ਸੰਧੂ, ਮਹਿੰਦਰ ਸਿੰਘ ਸਰਸੀਣੀ, ਜਸਵੀਰ ਸਿੰਘ ਮਲਕ ਪੁਰ,ਅਮਰ ਸਿੰਘ, ਹਰਜਿੰਦਰ ਸਿੰਘ ਨੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਾਮਰੇਡ ਮੁਕੰਦ ਲਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੋਕਾਂ ਨੇ ਰਵਾਇਤੀ ਪਾਰਟੀਆਂ ਦੇ ਭ੍ਰਿਸ਼ਟ ਅਫਸਰਸ਼ਾਹੀ ਦੇ ਗੱਠਜੋੜ ਤੋਂ ਦੁਖੀ ਹੋ ਕੇ ਭਾਰੀ ਬਹੁਮਤ ਨਾਲ ਜਿਤਾਇਆ ਸੀ। ਇਸ ਇੱਕ ਸਾਲ ਦੇ ਅਰਸੇ ਦੌਰਾਨ ਮੁੱਖ ਮੰਤਰੀ ਵੱਲੋਂ ਭ੍ਰਿਸ਼ਟਾਚਾਰ ਤੋਂ ਸਮਾਜ ਨੂੰ ਮੁਕਤ ਕਰਨ ਲਈ ਇੱਕ ਟੋਲ ਫਰੀ ਨੰਬਰ ਵੀ ਜਾਰੀ ਕੀਤਾ ਹੈ ਪਰ ਲੋਕ ਫਿਰ ਵੀ ਡਰ ਦੀ ਅਵਸਥਾ ਵਿੱਚ ਉਸ ਦਾ ਪ੍ਰਯੋਗ ਨਹੀਂ ਕਰ ਰਹੇ। ਕਾਰਨ ਸਾਫ ਹੈ ਕਿ ਮੁੱਖ ਮੰਤਰੀ ਮਾਨ ਦੇ ਆਪਣੇ ਆਗੂਆਂ 'ਤੇ ਹੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਸਗੋਂ ਉਨ੍ਹਾਂ ਪੁਰਾਣੀਆਂ ਪਾਰਟੀਆਂ ਦੇ ਨਕਾਰੇ ਆਗੂਆਂ ਨੂੰ ਟਿਕਟਾਂ ਦੇ ਕੇ ਲੋਕਾਂ ਦੇ ਸਿਰ 'ਤੇ ਥੋਪਿਆ ਜਾ ਰਿਹਾ ਹੈ। ਮੁਕੰਦ ਲਾਲ ਨੇ ਦੱਸਿਆ ਕਿ ਪੰਜਾਬ ਰੋਡਵੇਜ਼ ਵਿੱਚ ਭ੍ਰਿਸ਼ਟਾਚਾਰ ਉਵੇਂ ਹੀ ਚੱਲ ਰਿਹਾ ਹੈ। ਤਾਜ਼ਾ ਮਿਸਾਲ ਪੰਜਾਬ ਰੋਡਵੇਜ਼ ਰੂਪਨਗਰ ਦੇ ਵਿਛੋੜਾ ਦੇ ਗਏ ਸਾਥੀ ਇੰਸਪੈਕਟਰ ਭੀਮ ਸਿੰਘ ਦੇ ਬੇਟੇ ਵੱਲੋਂ ਦਿੱਤੇ ਗਏ ਹਲਫੀਆ ਬਿਆਨ ਤੋਂ ਮਿਲਦੀ ਹੈ ਕਿ ਉਸ ਦੇ ਪਰਵਾਰ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਅਤੇ ਸਾਥੀ ਦੇ ਬਣਦੇ ਬਕਾਏ ਦਿਵਾਉਣ ਲਈ ਇੱਕ ਮੁਲਾਜ਼ਮ ਨੇ (ਜਿਸ ਦਾ ਨਾਂਅ ਹਲਫੀਆ ਬਿਆਨ ਵਿੱਚ ਦਰਜ ਹੈ) ਢਾਈ ਲੱਖ ਰੁਪਏ ਲੈ ਲਏ ਗਏ। ਉਨ੍ਹਾਂ ਨੂੰ ਨੌਕਰੀ ਨਹੀਂ ਦਵਾਈ ਗਈ। ਹੁਣ ਸੋਚਣ ਵਾਲੀ ਗੱਲ ਹੈ ਕਿ ਬਿਨਾਂ ਉਪਰਲੇ ਉੱਚ ਅਧਿਕਾਰੀਆਂ ਦੇ ਸਹਿਯੋਗ ਤੋਂ ਬਿਨਾਂ ਐਡੀ ਵੱਡੀ ਰਕਮ ਨਹੀਂ ਲਈ ਜਾ ਸਕਦੀ। ਸਾਥੀ ਮੁਕੰਦ ਲਾਲ ਨੇ ਦੱਸਿਆ ਕਿ ਇਸ ਕਰਮਚਾਰੀ ਖਿਲਾਫ ਉਨ੍ਹਾਂ ਨੇ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਸਨ। ਪਰ ਉਸ ਸਮੇਂ ਵੀ ਸ਼ਿਕਾਇਤ ਕਰਤਾ ਦੀ ਮੌਤ ਹੋ ਜਾਣ ਕਰਕੇ ਉਸ ਭ੍ਰਿਸ਼ਟ ਕਰਮਚਾਰੀ ਨੂੰ ਬਚਾ ਲਿਆ ਗਿਆ ਸੀ। ਸੂਬਾ ਕਮੇਟੀ ਆਗੂ ਕਾਮਰੇਡ ਮੁਕੰਦ ਲਾਲ ਨੇ ਕਿਹਾ ਕਿ ਪੰਜਾਬ ਪੈਨਸ਼ਨਰਜ਼ ਯੂਨੀਅਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕਰਦੀ ਹੈ ਕਿ ਪੰਜਾਬ ਰੋਡਵੇਜ਼ ਵਿੱਚੋਂ ਅਜਿਹੀਆਂ ਕਾਲੀਆਂ ਭੇਡਾਂ ਨੂੰ ਨੱਥ ਪਾ ਕੇ ਪੰਜਾਬ ਰੋਡਵੇਜ਼ ਨੂੰ ਭ੍ਰਿਸ਼ਟਾਚਾਰ ਮੁਕਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਰੋਡਵੇਜ਼ ਦੇ ਆਪਣੇ ਡੀਜ਼ਲ ਪੰਪ ਹਨ ਤਾਂ ਬਾਹਰੋਂ ਡੀਜ਼ਲ ਲੈਣ ਪਿੱਛੇ ਕੀ ਕਾਰਨ ਹਨ ? ਬੱਸਾਂ ਵਰਕਸ਼ਾਪ ਵਿੱਚ ਖੜ੍ਹੀਆਂ ਹੋਣ ਦੇ ਬਾਵਜੂਦ ਪੰਜਾਬ ਰੋਡਵੇਜ਼ ਦੇ ਟਾਈਮ ਮਿਸ ਹੋ ਰਹੇ ਹਨ। ਇਨ੍ਹਾਂ ਵੱਲ ਧਿਆਨ ਦਵਾਉਣ ਦੇ ਨਾਲ ਨਾਲ ਉਨ੍ਹਾਂ ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੈਨਸ਼ਨਰਾਂ ਦੀ ਪੈਨਸ਼ਨ ਛੇਵੇਂ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ 2.59 ਦੇ ਫੈਕਟਰ ਨਾਲ ਸੋਧ ਕੇ ਦਿੱਤੀ ਜਾਵੇ। ਪੈਨਸ਼ਨਰਾਂ ਦੇ ਮੈਡੀਕਲ ਬਿੱਲਾਂ ਦੇ ਕਲੇਮ ਦੀ ਅਦਾਇਗੀ ਬਿੱਲ ਸਬਮਿਟ ਹੋਣ ਦੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਕੀਤੀ ਜਾਵੇ। ਇਸ ਤੋਂ ਬਾਅਦ ਬਾਰਾਂ ਪ੍ਰਤੀਸ਼ਤ ਵਿਆਜ ਦਰ ਲਾ ਕੇ ਦਿੱਤਾ ਜਾਵੇ। ਪਬਲਿਕ ਅਦਾਰਿਆਂ ਵਿੱਚ ਆਊਟਸੋਰਸ ਪ੍ਰਣਾਲੀ ਬੰਦ ਕਰ ਕੇ ਪੱਕੀ ਭਰਤੀ ਕੀਤੀ ਜਾਵੇ। 2016 ਤੋਂ ਬਾਅਦ ਸੇਵਾ ਮੁਕਤ ਹੋਏ ਕਰਮਚਾਰੀਆਂ ਦੀ ਲੀਵ ਇੰਨ ਕੈਸ਼ਮੈਂਟ ਦੇ ਬਕਾਏ ਨਵੀਂ ਸੋਧੀਆਂ ਦਰਾਂ ਅਨੁਸਾਰ ਸੋਧ ਕੇ ਦਿੱਤੀ ਜਾਵੇ। ਪੈਨਸ਼ਨਰਾਂ ਦੇ ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਦਾ ਬਕਾਇਆ ਦਿੱਤਾ ਜਾਵੇ। ਮੌਜੂਦਾ 113% ਤੋਂ 119% ਡੀ ਏ ਦਾ ਬਕਾਇਆ ਮਾਣਯੋਗ ਹਾਈਕੋਰਟ ਵਿੱਚ ਦਿੱਤੇ ਗਏ ਹਲਫਨਾਮੇ ਅਨੁਸਾਰ ਇੱਕ ਕਿਸ਼ਤ ਵਿੱਚ ਕੀਤੀ ਜਾਵੇ । ਪੰਜਾਬ ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਦੇ ਆਗੂਆਂ ਨਾਲ ਮੀਟਿੰਗ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਬੇਚੈਨੀ ਦੂਰ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੁਖ ਸਿੰਘ ਇੰਸਪੈਕਟਰ, ਰਮੇਸ ਕੁਮਾਰ ਇੰ, ਫਤਿ

18-April-PAGE-9.qxd 4/17/2023 10:52 PM Page 1

ਪੰਜ ਵਿਧਾਇਕਾਂ, ਤਿੰਨ ਸੰਸਦ ਮੈਂਬਰਾਂ ਵਾਲੀ ਪ੍ਰਧਾਨ ਮੰਤਰੀ ਯੋਜਨਾ ਵਾਲੀ ਸੜਕ ਦੀ ਹਾਲਤ ਤਰਸਯੋਗ

ਮੇਹਟੀਆਣਾ (ਜਗਤਾਰ ਭੁੰਗਰਨੀ) - ਆਪਣੇ ਕਰਮਾਂ ਨੂੰ ਰੋਂਦੀ ਗੜ੍ਹਸ਼ੰਕਰ ਤੋਂ ਆਦਮਪੁਰ ਵਾਇਆ ਕੋਟ ਫਤੂਹੀ-ਮੇਹਟੀਆਣਾ , ਮੁੱਖ ਮੰਤਰੀ ਜੀ ਅਤੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੋੜੀ ਜੀ ਤੁਹਾਡੇ ਸਮੇਤ ਪੰਜ ਵਿਧਾਇਕਾਂ, ਤਿੰਨ ਸੰਸਦ ਮੈਂਬਰਾਂ ਵਾਲੀ ਪ੍ਰਧਾਨ ਮੰਤਰੀ ਯੋਜਨਾ ਵਾਲੀ ਦੀ ਤਰਸਯੋਗ ਹਾਲਤ 'ਤੇ ਤਰਸ ਕਰਨ ਲਈ ਇਲਾਕਾ ਨਿਵਾਸੀਆਂ ਦੀ ਪੁਕਾਰ ਹੈ । ਅੱਜ ਦੋਆਬਾ ਜਨਰਲ ਕੈਟਾਗਰੀ ਫਰੰਟ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ, ਅਮਰ ਕੌਰ-ਚਰਨ ਕੌਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ ਅਤੇ ਇਲਾਕੇ ਦੇ ਪੰਚ ਸਰਪੰਚਾਂ, ਮੋਹਤਬਰਾਂ ਅਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਮੇਹਟੀਆਣਾ ਤੋਂ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਦਮਪੁਰ ਤੋਂ ਗੜ੍ਹਸ਼ੰਕਰ ਵਾਇਆ - ਪਾਂਸ਼ਟਾ-ਕੋਟ ਫਤੂਹੀ ਸੜਕ ਜੋ ਦੋਆਬਾ ਬਿਸਤ ਨਹਿਰ ਦੀ ਪਟੜੀ ਤੇ ਪ੍ਰਧਾਨ ਮੰਤਰੀ ਯੋਜਨਾ ਅਧੀਨ ਬਣਾਈ ਗਈ ਸੀ, ਜਿਸ ਦੀ ਹਾਲਤ ਅੱਜ ਬਹੁਤ ਤਰਸਯੋਗ ਹੈ। ਇਸ ਵੱਲ ਲਗਭਗ 7-8 ਸਾਲ ਤੋਂ ਕਿਸੇ ਨੇ ਧਿਆਨ ਨਹੀਂ ਦਿੱਤਾ। ਇਹ ਸੜਕ ਪੰਜ ਵਿਧਾਇਕਾਂ ਦੇ ਹਲਕੇ ਆਦਮਪੁਰ, ਫਗਵਾੜਾ, ਚੱਬੇਵਾਲ, ਬੰਗਾ ਅਤੇ ਗੜ੍ਹਸ਼ੰਕਰ ਅਤੇ ਤਿੰਨ ਸੰਸਦ ਮੈਂਬਰਾਂ ਦੇ ਹਲਕੇ ਜਲੰਧਰ, ਹੁਸ਼ਿਆਰਪੁਰ ਅਤੇ ਸ੍ਰੀ ਅਨੰਦਪੁਰ ਸਾਹਿਬ ਜਿਨ੍ਹਾਂ ਵਿੱਚ ਕੇਂਦਰੀ ਰਾਜ ਮੰਤਰੀ ਅਤੇ ਵਿਧਾਨ ਸਭਾ ਵਿੱਚ ਕੈਬਿਨਟ ਮੰਤਰੀ ਵੀ ਸਮੇਂ 'ਤੇ ਰਹਿ ਚੁੱਕੇ ਹਨ। ਇਸੇ ਦੌਰਾਨ ਦੋ ਵਿਧਾਨ ਸਭਾ ਅਤੇ ਇੱਕ ਪਾਰਲੀਮੈਂਟ ਦੀ ਇਲੈਕਸ਼ਨ ਵੀ ਹੋ ਚੁੱਕੀ ਹੈ। ਇਸ ਵਾਰੇ ਮੰਗ ਪੱਤਰ ਵੀ ਕਈ ਵਾਰ ਦਿੱਤੇ ਗਏ ਪਰ, ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ। ਇਹ ਸੜਕ ਮਾਝੇ ਤੋਂ ਦੋਆਬਾ ਮਾਲਵਾ ਅਤੇ ਸ੍ਰੀ ਅਨੰਦਪੁਰ ਸਾਹਿਬ ਜਾਣ ਵਾਲੇ ਯਾਤਰੂਆਂ ਲਈ ਬਹੁਤ ਨੇੜੇ ਦਾ ਸਫਰ ਹੈ। ਇਸ ਸੜਕ ਦੇ ਨਾਲ ਚੱਲਣ ਵਾਲੀ ਨਹਿਰ ਵੀ ਨਵੇਂ ਸਿਰੇ ਤੋਂ ਬਣਨ ਅਤੇ ਚੌੜੀ ਹੋਣ ਕਾਰਨ ਉਸ ਦੇ ਬਰਮ ਵੀ ਨਹੀਂ ਹਨ ਅਤੇ ਨਹਿਰ ਪਾਣੀ ਦੀ ਭਰ ਕੇ ਚੱਲ ਰਹੀ ਹੈ। ਇਸ ਸੜਕ ਦੇ ਲਾਗੇ ਕਈ ਸਕੂਲ ਪੈਂਦੇ ਹਨ ਜਿਸ ਉਪਰ ਸਕੂਲ ਵੈਨਾਂ, ਸਕੂਲ ਬੱਸਾਂ ਦੀ ਭੀੜ ਆਮ ਬਣੀ ਰਹਿੰਦੀ ਹੈ। ਜਿਸ ਕਾਰਨ ਕੋਈ ਵੀ ਮਾੜੀ ਘਟਨਾ ਵਾਪਰ ਸਕਦੀ ਹੈ। ਇਸ ਸੜਕ 'ਤੇ ਪਏ ਵੱਡੇ ਟੋਇਆਂ ਨੂੰ ਬਚਾਉਂਦੇ ਕਈ ਰਾਹਗੀਰ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਹਨ ਤੇ ਕਈ ਜਾਨ ਤੋਂ ਹੱਥ ਧੋ ਵੀ ਗਏ ਹਨ। ਸੜਕ ਵਿੱਚ ਥਾਂ ਥਾਂ ਟੋਏ ਪਏ ਹੋਏ ਹਨ ਅਤੇ ਸੜਕ ਦੇ ਦੋਵੇਂ ਪਾਸੇ ਲੰਬੀ ਲੰਬੀ ਗਾਜਰ ਬੂਟੀ, ਭੰਗ, ਘਾਹ, ਨੜੇ ਉੱਗੇ ਹੋਏ ਹਨ। ਦਰੱਖਤਾਂ ਦੇ ਟਹਿਣੇ ਵਿਚਕਾਰ ਝੁਕੇ ਹੋਣ ਕਰਕੇ ਰਾਹਗੀਰਾਂ ਨੂੰ ਕਾਫੀ ਮੁਸ਼ਕਲ ਪੇਸ਼ ਆ ਰਹੀ ਹੈ । ਆਦਮਪੁਰ ਤੋਂ ਗੜ੍ਹਸ਼ੰਕਰ-ਚੰਡੀਗੜ੍ਹ ਅਤੇ ਦਿੱਲੀ ਜਾਣ ਵਾਲੀਆਂ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਦੀਆਂ ਰੂਟ ਪਰਮਿਟ ਵਾਲੀਆਂ ਬੱਸਾਂ ਵੀ ਲੰਮੇਂ ਸਮੇਂ ਤੋਂ ਬੰਦ ਹਨ । ਸਮੁੱਚੇ ਸੰਬੰਧਤ ਹਲਕਿਆਂ ਅਤੇ ਇਲਾਕੇ ਦੇ ਲੋਕ ਪਹਿਲੀਆਂ ਸਰਕਾਰਾਂ ਨੂੰ ਸੜਕ ਬਣਾਉਣ ਲਈ ਹਾੜੇ ਕੱਢਦੇ ਰਹੇ, ਪਰ ਹੁਣ 13 ਮਹੀਨਿਆਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੈ ,ਦੇ ਵੀ ਕਿਸੇ ਨੁਮਾਇੰਦੇ, ਕਿਸੇ ਜ਼ਿੰਮੇਵਾਰ ਆਗੂ, ਹਲਕਾ ਵਿਧਾਇਕਾਂ ਤੇ ਲੋਕ ਸਭਾ ਮੈਂਬਰਾਂ ਨੇ ਇਸ ਸੜਕ ਨੂੰ ਬਣਾਉਣ ਲਈ ਕੋਈ ਵੀ ਨਾ ਧਿਆਨ ਦਿੱਤਾ ਤੇ ਨਾ ਹੀ ਬਿਆਨ ਦਿੱਤਾ। ਇਸ ਮੌਕੇ ਇਲਾਕਾ ਨਿਵਾਸੀਆਂ ਨੇ ਮੁੱਖ ਮੰਤਰੀ ਸਾਹਿਬ ਤੋਂ ਇਸ ਸੜਕ ਵਾਰੇ ਸਿੱਧਾ ਦਖਲ ਦੇਕੇ ਪਹਿਲ ਦੇ ਅਧਾਰ ਤੇ ਬਣਾਉਣ ਦੀ ਮੰਗ ਕੀਤੀ ਹੈ ਤਾ ਕਿ ਕੋਈ ਵੱਡਾ ਹਾਦਸਾ ਨਾ ਵਾਪਰ ਜਾਏ । ਬਲਵੀਰ ਸਿੰਘ ਫੁਗਲਾਣਾ , ਕਰਨਜੀਤ ਸਿੰਘ ਰਿੱਕੀ ਸਿੰਬਲੀ , ਬਿੰਦਾ ਮੇਹਟੀਆਣਾ ,ਰਵੀ ਮੇਹਟੀਆਣਾ ਜਗਦੇਵ ਸਿੰਘ ਕੁਕੋਵਾਲ, ਗੁਰਦਿਆਲ ਸਿੰਘ ਜਲਵੇਹੜਾ, ਹਰਦਮ ਸਿੰਘ ਡੋਡ, ਸਤਨਾਮ ਸਿੰਘ ਸ਼ਿੰਦੂ ਭੁੰਗਰਨੀ , ਲਖਵੀਰ ਸਿੰਘ ਜੰਜੂਆ, ਬਲਵਿੰਦਰ ਸਿੰਘ ਗਿੱਲ ਬਘਾਣਾ, ਜੋਗਿੰਦਰ ਸਿੰਘ ਚੀਮਾ ਬਘਾਣਾ, ਸੁਖਚੈਨ ਸਿੰਘ ਬਘਾਣਾ, ਮਹਿੰਦਰ ਸਿੰਘ ਪਾਂਸ਼ਟਾ, ਆਦਿ ਨੇ ਮੰਗ ਕੀਤੀ ਕਿ ਇਸ ਸੜਕ ਨੂੰ ਇੱਕ ਵਾਰ ਮੁਕੰਮਲ ਕੀਤਾ ਜਾਵੇ ਨਾ ਕਿਉਕਿ ਕੁਝ ਹਿੱਸਾ ਬਣਾ ਕੇ ਛੱਡ ਦਿੱਤਾ ਜਾਵੇ।

ਸਾਨੂੰ ਅੰਬੇਡਕਰ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦੈ : ਐਡਵੋਕੇਟ ਆਦੀਆ, ਗਾਂਧੀ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਭਾਰਤ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਮਾਤਾ ਚਿੰਤਪੁਰਨੀ ਮੰਦਿਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਤੇ ਧਰਮ ਜਾਗਰਣ ਹੁਸ਼ਿਆਰਪੁਰ ਦੇ ਸਹਿ-ਸੰਯੋਜਕ ਰਵੀ ਗਾਂਧੀ ਦੀ ਅਗਵਾਈ ਵਿੱਚ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦਾਰਾਪੁਰ ਦੇ ਸਹਿਯੋਗ ਨਾਲ ਦਾਰਾਪੁਰ ਵਿਖੇ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਐਡਵੋਕੇਟ ਰਾਹੁਲ ਆਦੀਆ, ਰਾਜੀਵ ਮਹਾਜਨ, ਡਾ. ਜੇ ਕੇ ਨਾਗਰਥ, ਸੰਦੀਪ ਭਾਗੀਆਂ ਅਤੇ ਸਭਾ ਦੇ ਪ੍ਰਧਾਨ ਦਿਲਬਾਗ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਸੰਬੋਧਨ ਕਰਦੇ ਹੋਏ ਐਡਵੋਕੇਟ ਰਾਹੁਲ ਆਦੀਆ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਭਾਰਤ ਦੇ ਬਣਾਏ ਗਏ ਸੰਵਿਧਾਨ ਕਾਰਨ ਹੀ ਅੱਜ ਹਿੰਦੁਸਤਾਨ ਵਿੱਚ ਰਹਿਣ ਵਾਲੇ ਅਲੱਗ ਅਲੱਗ ਵਰਗਾਂ ਤੇ ਧਰਮਾਂ ਦੇ ਲੋਕ ਏਕ ਸਮਾਨਤਾ ਦੀ ਜ਼ਿੰਦਗੀ ਜੀ ਰਹੇ ਹਨ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਅਜਿਹੇ ਉਪਰਾਲਿਆਂ ਨੂੰ ਹਮੇਸ਼ਾ ਲਈ ਯਾਦ ਰੱਖਿਆ ਜਾਵੇਗਾ। ਉਨ੍ਹਾ ਕਿਹਾ ਕਿ ਭਾਰਤ ਰਤਨ ਡਾ. ਅੰਬੇਡਕਰ ਨੇ ਸਾਡੇ ਦੇਸ਼ ਨੂੰ ਜਿਹੜਾ ਸੰਵਿਧਾਨ ਦਿੱਤਾ ਹੈ ਉਸ ਦੀ ਬਦੌਲਤ ਅੱਜ ਭਾਰਤ ਇੱਕ ਮਜ਼ਬੂਤ ਲੋਕਤੰਤਰ ਵਜੋਂ ਸਥਾਪਤ ਹੋ ਕੇ ਪੂਰੀ ਦੁਨੀਆ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਣ ਵਿਚ ਕਾਮਯਾਬ ਹੋ ਗਿਆ ਹੈ। ਸਹਿ-ਸੰਯੋਜਕ ਰਵੀ ਗਾਂਧੀ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਅਸੀਂ ਸਾਰੇ ਭਾਰਤੀ ਸੰਵਿਧਾਨ ਦੇ ਪਿਤਾਮਾ ਡਾ. ਭੀਮ ਰਾਓ ਅੰਬੇਡਕਰ ਵੱਲੋਂ ਦੇਸ਼ ਵਿੱਚ ਰਹਿਣ ਵਾਲੇ ਹਰ ਨਾਗਰਿਕ ਦੇ ਅਧਿਕਾਰਾਂ ਦੀ ਰੱਖਿਆ ਅਤੇ ਉਨ੍ਹਾ ਵੱਲੋਂ ਹੋਰ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਯਾਦ ਕਰਦੇ ਹੋਏ ਉਨ੍ਹਾ ਦਾ ਜਨਮ ਦਿਹਾੜਾ ਮਨਾ ਰਹੇ ਹਾਂ। ਉਨ੍ਹਾ ਕਿਹਾ ਕਿ ਡਾ. ਅੰਬੇਡਕਰ ਇੱਕ ਮਹਾਨ ਵਿਦਵਾਨ, ਨਿਆਂਵਾਦੀ, ਅਰਥ ਸ਼ਾਸਤਰੀ ਅਤੇ ਸਮਾਜ ਸੁਧਾਰਕ ਸਨ ਜਿਨ੍ਹਾਂ ਦੀ ਬਦੌਲਤ ਨਵੇਂ ਭਾਰਤ ਦੇ ਨਿਰਮਾਣ ਵਜੋਂ ਉਨ੍ਹਾਂ ਨੂੰ ਹਮੇਸ਼ਾ ਲਈ ਯਾਦ ਰੱਖਿਆ ਜਾਵੇਗਾ। ਇਸ ਮੌਕੇ ਰਵੀ ਗਾਂਧੀ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ, ਕਾਪੀਆਂ ਅਤੇ ਹੋਰ ਪੜ੍ਹਨ ਸਮੱਗਰੀ ਭੇਟ ਕਰਕੇ ਉਨ੍ਹਾਂ ਨੂੰ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮਾਸਟਰ ਬਲਵਿੰਦਰ ਸਿੰਘ, ਮਾਸਟਰ ਸੰਜੀਵ ਕੁਮਾਰ, ਅਸ਼ਵਨੀ ਕੁਮਾਰ, ਨੀਰਜ ਭਾਟੀਆ, ਰਾਕੇਸ਼ ਰੋਸਨ, ਰਾਮ ਪ੍ਰਕਾਸ਼ ਜੱਸੀ, ਮਨੀ, ਸਨੀ, ਸਰਬਜੀਤ ਸਾਬੀ, ਮੰਨਾ ਮਹਿਰਾ, ਰਾਮੇਸ਼ਵਰ, ਸੰਜੀਵ ਸਿਆਲ, ਗੁਲਸ਼ਨ ਕੁਮਾਰ, ਪਦਮ ਬੇਦੀ, ਕਮਲ ਸੈਣੀ ਅਤੇ ਹੋਰ ਹਾਜ਼ਰ ਸਨ।

ਸੰਤ ਫਰਾਂਸਿਸ ਕਾਨਵੈਂਟ ਸਕੂਲ 'ਚ ਹੁਨਰ ਸਿਖਾਉਣ ਸੰਬੰਧੀ ਵਰਕਸ਼ਾਪ

ਕਰਤਾਰਪੁਰ (ਹਰਮੇਸ਼ ਦੱਤ)- ਸੰਤ ਫਰਾਂਸਿਸ ਕਾਨਵੈਂਟ ਸਕੂਲ ਵਿਖੇ ਪ੍ਰਧਾਨ ਸਿਸਟਰ ਲੂਸੀ ਮੈਨੇਜਰ ਸਿਸਟਰ ਨਿਰਮਲ ਜੋਸ ਅਤੇ ਪ੍ਰਿੰਸੀਪਲ ਸਿਸਟਰ ਦਿਵਿਆ ਦੀ ਪ੍ਰਧਾਨਗੀ ਹੇਠ ਆਧੁਨਿਕ ਤਕਨੀਕ ਅਧਾਰਤ ਅਧਿਆਪਕਾਂ ਦੇ ਹੁਨਰ ਨੂੰ ਸਿਖਾਉਣ ਸੰਬੰਧੀ ਵਰਕਸ਼ਾਪ ਲਗਾਈ ਗਈ। ਸਭ ਤੋਂ ਪਹਿਲਾਂ ਸਕੂਲ ਦੀ ਪ੍ਰਿੰਸੀਪਲ ਸਿਸਟਰ ਦਿਵਿਆ ਨੇ ਟੀਚਿੰਗ ਵਰਕਸ਼ਾਪ ਦੇ ਰਿਸੋਰਸ ਪਰਸਨ ਪ੍ਰੀਤੀ ਠਾਕੁਰ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਅਤੇ ਉਨ੍ਹਾਂ ਦਾ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰ ਸਿੰਦਰ ਸਿੰਘ ਦਾ ਸਵਾਗਤ ਕੀਤਾ ਅਤੇ ਅਧਿਆਪਕਾਂ ਨਾਲ ਜਾਣ-ਪਛਾਣ ਕਰਵਾਈ। ਸੈਮੀਨਾਰ ਦੀ 'ਚ ਖੇਡਾਂ ਵਿੱਚ ਆਧੁਨਿਕ ਸਿੱਖਿਆ ਪ੍ਰਣਾਲੀ ਦੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਦੱਸਿਆ ਗਿਆ। ਇਸ ਤੋਂ ਬਾਅਦ ਅਧਿਆਪਕਾਂ ਨੂੰ ਇਹ ਵੀ ਦੱਸਿਆ ਗਿਆ ਕਿ ਕਿਵੇਂ ਤਕਨੀਕੀ ਯੁੱਗ ਵਿੱਚ ਵਿਦਿਆਰਥੀਆਂ ਨਾਲ ਭਾਵਨਾਤਮਕ ਤੌਰ 'ਤੇ ਜੁੜ ਕੇ ਉਨ੍ਹਾਂ ਨਾਲ ਤਾਲਮੇਲ ਬਣਾ ਕੇ ਉਨ੍ਹਾਂ ਨੂੰ ਆਕਰਸ਼ਿਤ ਕੀਤਾ ਜਾ ਸਕਦਾ ਹੈ ਅਤੇ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਨੂੰ ਬਹੁਤ ਮਨੋਰੰਜਕ ਅਤੇ ਦਿਲਚਸਪ ਬਣਾ ਕੇ ਵਿਦਿਆਰਥੀਆਂ ਦੀ ਰੁਚੀ ਵਧਾਉਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਨਾਲ-ਨਾਲ ਨੈਤਿਕ ਅਤੇ ਚਰਿੱਤਰ ਦਾ ਵਿਕਾਸ ਵੀ ਹੋ ਸਕੇ। ਅੰਤ 'ਚ ਪ੍ਰਿੰਸੀਪਲ ਸਿਸਟਰ ਦਿਵਿਆ ਨੇ ਪ੍ਰੀਤੀ ਠਾਕੁਰ ਨੂੰ ਪਿਆਰ ਦਾ ਟੋਕਨ ਦੇ ਕੇ ਸਨਮਾਨਤ ਕੀਤਾ ਅਤੇ ਧੰਨਵਾਦ ਕੀਤਾ।

ਕੰਢੀ ਸੰਘਰਸ਼ ਕਮੇਟੀ 29 ਨੂੰ ਗੜ੍ਹਸ਼ੰਕਰ-ਨੰਗਲ ਸੜਕ 'ਤੇ ਦੇਵੇਗੀ ਧਰਨਾ

ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ, ਸਫਰੀ)- ਗੜ੍ਹਸ਼ੰਕਰ ਨੰਗਲ ਸੜਕ ਦਾ ਕੰਮ ਜੰਗੀ ਪੱਧਰ 'ਤੇ ਬਣਾਉਣ ਲਈ ਕੰਢੀ ਸੰਘਰਸ਼ ਕਮੇਟੀ ਵੱਲੋਂ ਪਾਹਲੇਵਾਲ, ਸ਼ਾਹਪੁਰ, ਭੰਮੀਆਂ ਤੇ ਗੜ੍ਹਸ਼ੰਕਰ 'ਚ ਓਮ ਪਾਲ, ਕਿਸ਼ਨ ਕੁਮਾਰ, ਚੈਨ ਰਾਮ ਸਾਬਕ ਬਲਾਕ ਸੰਮਤੀ ਮੈਂਬਰ ਦੀ ਪ੍ਰਧਾਨਗੀ ਹੇਠ ਹੋਈਆਂ ਮੀਟਿੰਗਾਂ ਮੌਕੇ ਕੰਢੀ ਸੰਘਰਸ਼ ਕਮੇਟੀ ਦੇ ਸੂਬਾਈ ਕਨਵੀਨਰ ਦਰਸ਼ਨ ਸਿੰਘ ਮੱਟੂ, ਬੀਬੀ ਸੁਭਾਸ਼ ਮੱਟੂ ਸੂਬਾਈ ਮੀਤ ਪ੍ਰਧਾਨ ਜਨਵਾਦੀ ਇਸਤਰੀ ਸਭਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਵਿੱਚ ਕਰੀਬ ਅੱਠ ਧਰਨੇ ਲਗਾਏ ਗਏ ਪਰ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕ ਰਹੀ, ਇਸ ਲਈ ਮਜਬੂਰਨ ਦੁਬਾਰਾ 29 ਅਪ੍ਰੈਲ ਨੂੰ ਨੇੜੇ ਟਰੱਕ ਯੂਨੀਅਨ ਗੜ੍ਹਸ਼ੰਕਰ ਕੋਲ ਸਵੇਰੇ 10 ਵਜੇ ਧਰਨਾ ਲਗਾ ਕੇ ਸੜਕ ਜਾਮ ਕੀਤੀ ਜਾਵੇਗੀ। ਜਿਸ ਵਿੱਚ ਸੜਕ ਜੰਗੀ ਪੱਧਰ 'ਤੇ ਬਣਾਉਣ ਅਤੇ ਟਿੱਪਰ, ਟਰਾਲੇ, ਘੋੜੇ ਸ਼ਾਮ 8 ਵਜੇ ਤੋਂ ਸਵੇਰੇ 7 ਵਜੇ ਤੱਕ ਚਲਾਉਣ ਦੀ ਮੰਗ ਕੀਤੀ ਜਾਵੇਗੀ ਤਾਂ ਕਿ ਦਿਨ ਦਿਨ ਹੋ ਰਹੀਆਂ ਮੰਦਭਾਗੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ। ਮੀਟਿੰਗ ਦੌਰਾਨ ਲੋਕਾਂ ਨੂੰ ਹੁੰਮ ਹੁਮਾ ਕੇ ਪਹੁੰਚਾਉਣ ਦੀ ਅਪੀਲ ਕੀਤੀ। ਇਸ ਮੌਕੇ ਪਰੇਮ ਸਿੰਘ ਰਾਣਾ, ਅਸ਼ੋਕ ਕੁਮਾਰ, ਹਰੀ ਕਿਸ਼ਨ, ਗੌਰਵ, ਨਿਹਾਲ ਸਿੰਘ ਠਾਕੁਰ, ਰਾਜਨ, ਅਕਸ਼ੇ ਕੁਮਾਰ, ਸਾਹਿਲ, ਰਿੰਕੂ, ਹਰਮੇਸ਼ ਲਾਲ, ਸੰਤੋਸ਼, ਚੇਤੰਨ, ਗੁਰਮੀਤ ਸਿੰਘ ਪਾਂਗਲੀ, ਪਿਆਰ ਰਾਮ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ, ਸ਼ੰਕਰ ਦਾਸ, ਸੁਣਨਾ ਦੇਵੀ, ਸੁਨੀਤਾ ਰਾਣੀ, ਵਿੰਦਰ ਕੌਰ, ਜਗੀਰ ਕੌਰ, ਨੀਲਮ, ਬਲਵੀਰ ਸਿੰਘ, ਕੁਲਦੀਪ ਸਿੰਘ, ਬਲਵੀਰ ਸਿੰਘ, ਦਲਬਾਰਾ ਸਿੰਘ, ਮੋਹਣ ਸਿੰਘ, ਵਿੰਦਰ ਕੁਮਾਰ, ਕੁਲਦੀਪ ਕੁਮਾਰ, ਅਮਰੀਕ ਸਿੰਘ, ਜੋਗਿੰਦਰ ਸਿੰਘ, ਜਰਨੈਲ ਸਿੰਘ, ਆਦਿ ਹਾਜ਼ਰ ਸਨ।

ਡਾ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਖੂਨਦਾਨ ਕੈਂਪ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਭਾਰਤੀਆ ਵਾਲਮੀਕਿ ਧਰਮ ਸਮਾਜ (ਰਜਿ.) ਭਾਵਾਧਸ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ.ਬੀ ਆਰ ਅੰਬੇਡਕਰ ਦੇ ਜਨਮ ਦਿਨ ਦੇ ਸੰਬੰਧ ਵਿੱਚ ਦਫਤਰ ਦਾਰਾਪੁਰ ਟਾਂਡਾ ਵਿਖੇ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਬਲਾਕ ਪ੍ਰਧਾਨ ਵੀਰ ਸੁਰਜੀਤ ਰਾਜਾ ਅਤੇ ਬੇਬੀ ਰਾਜਪੁਰ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ ਦਾ ਉਦਘਾਟਨ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਕੀਤਾ ਜਦ ਕਿ ਇਸ ਮੌਕੇ ਸਮਾਜ ਸੇਵੀ ਮਨਜੀਤ ਸਿੰਘ ਦਸੂਹਾ, ਪੰਜਾਬ ਪ੍ਰਧਾਨ ਵੀਰ ਸਰੇਸਠ ਸੁਰਿੰਦਰ ਜਾਜਾ ਤੇ ਚੇਅਰਮੈਨ ਹਰਮੀਤ ਸਿੰਘ ਔਲਖ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਖੂਨਦਾਨ ਕੈਂਪ ਦੀ ਸ਼ਲਾਘਾ ਕਰਦਿਆਂ ਵਿਧਾਇਕ ਜਸਬੀਰ ਰਾਜਾ ਨੇ ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾ ਦੇ ਸੰਘਰਸ਼ਮਈ ਜੀਵਨ ਤੋਂ ਪ੍ਰੇਰਨਾ ਲੈਣ ਲਈ ਕਿਹਾ। ਇਸ ਮੌਕੇ ਸੰਬੋਧਨ ਕਰਦਿਆਂ ਹੋਰਨਾਂ ਵੱਖ-ਵੱਖ ਬੁਲਾਰਿਆਂ ਨੇ ਡਾ. ਅੰਬੇਡਕਰ ਦੇ ਜੀਵਨ ਫਲਸਫੇ, ਸੰਘਰਸ਼ ਅਤੇ ਸਿੱਖਿਆਵਾਂ ਬਾਰੇ ਦੱਸਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਭਾਰਤੀ ਸੰਵਿਧਾਨ ਘੜਨ ਸਮੇਂ ਜੋ ਦੱਬੇ-ਕੁਚਲੇ ਲੋਕਾਂ ਨੂੰ ਸੰਵਿਧਾਨਕ ਹੱਕ ਦਿਵਾਏ ਅਤੇ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ, ਉਨ੍ਹਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹ

18-APRIL-PAGE-10.qxd 4/17/2023 10:39 PM Page 1

'ਡਕੌਂਦਾ' ਆਗੂਆਂ ਵੱਲੋਂ ਦਾਣਾ ਮੰਡੀ ਲਹਿਰਾ ਮੁਹੱਬਤ ਦਾ ਦੌਰਾ

50 ਹਜ਼ਾਰ ਗੱਟੇ 'ਚੋਂ 29 ਹਜ਼ਾਰ ਗੱਟੇ ਦੀ ਹੋਈ ਖਰੀਦ, ਲਿਫਟਿੰਗ ਦਾ ਕੰਮ ਅਜੇ ਨਹੀਂ ਹੋਇਆ ਸ਼ੁਰੂ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਭਾਕਿਯੂ ਏਕਤਾ 'ਡਕੌਂਦਾ' ਧਨੇਰ ਵੱਲੋਂ ਸੂਬਾਈ ਆਗੂ ਗੁਰਦੀਪ ਸਿੰਘ ਰਾਮਪੁਰਾ, ਉਨ੍ਹਾਂ ਨਾਲ ਪਿੰਡ ਇਕਾਈ ਪ੍ਰਧਾਨ ਸੁਖਚਰਨ ਸਿੰਘ, ਜਗਦੇਵ ਸਿੰਘ, ਗੁਰਵਿੰਦਰ ਸਿੰਘ ਗੁਰਾ, ਰਾਜਿੰਦਰ ਸਿੰਘ ਤੇ ਹੋਰ ਕਿਸਾਨਾਂ ਵੱਲੋਂ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਥਾਨਕ ਦਾਣਾ ਮੰਡੀ ਦਾ ਦੌਰਾ ਕੀਤਾ। ਦਾਣਾ ਮੰਡੀ ਵਿੱਚ ਕਣਕ ਦੀ ਖਰੀਦ ਦੀ ਢਿੱਲੀ ਕਾਰਗੁਜ਼ਾਰੀ ਤੇ ਬਾਰਦਾਨੇ ਦੀ ਕਮੀ ਸਬੰਧੀ ਇੰਸਪੈਕਟਰ ਨਾਲ ਗੱਲਬਾਤ ਉਪਰੰਤ ਬੋਲੀ ਕਰਵਾਈ ਅਤੇ ਬਾਰਦਾਨਾ ਮੰਗਵਾਇਆ ਗਿਆ। ਇਸ ਮੌਕੇ ਗੁਰਦੀਪ ਰਾਮਪੁਰਾ ਨੇ ਕਿਹਾ ਕਿ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਦਾਣਾ ਮੰਡੀਆਂ ਨੂੰ ਬੰਦ ਕਰਨ ਦਾ ਰਾਹ ਪੱਧਰਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਨੀਤੀ ਨੂੰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਕਿਸੇ ਵੀ ਹਾਲਤ ਵਿੱਚ ਲਾਗੂ ਨਹੀਂ ਹੋਣ ਦੇਣਗੀਆਂ। ਕੇਂਦਰ ਸਰਕਾਰ ਵੱਲੋਂ ਕਣਕ ਦੇ ਰੇਟ ਵਿੱਚ ਕੀਤੀ ਕਟੌਤੀ ਨੂੰ ਤੁਰੰਤ ਵਾਪਸ ਲਏ ਜਾਣ ਤੇ ਕਿਸਾਨਾਂ ਦੀ ਕਣਕ ਪੂਰੇ ਰੇਟ 'ਤੇ ਖਰੀਦੇ ਜਾਣ ਦੀ ਮੰਗ ਕਰਦਿਆਂ ਕਿਸਾਨ ਆਗੂਆਂ ਨੇ 18 ਅਪ੍ਰੈਲ ਨੂੰ ਬਠਿੰਡਾ ਵਿਖੇ ਰੇਲ ਰੋਕੋ ਅੰਦੋਲਨ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ ਤਾਂ ਜੋ ਕੇਂਦਰ ਸਰਕਾਰ ਦੀ ਇਸ ਨੀਤੀ ਦਾ ਮੂੰਹ ਤੋੜ ਜਵਾਬ ਦਿੱਤਾ ਜਾ ਸਕੇ। ਦਾਣਾ ਮੰਡੀ ਦੀ ਤਾਜ਼ਾ ਸਥਿਤੀ ਅਨੁਸਾਰ ਹੁਣ ਤੱਕ 50 ਹਜ਼ਾਰ ਗੱਟੇ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ ਪਨਗਰੇਨ ਨੇ 20 ਹਜ਼ਾਰ, ਵੇਅਰਹਾਊਸ ਨੇ 6 ਹਜ਼ਾਰ ਤੇ ਪਨਸਪ ਨੇ 3 ਹਜ਼ਾਰ ਗੱਟੇ ਦੀ ਖਰੀਦ ਕੀਤੀ ਹੈ। 21 ਹਜ਼ਾਰ ਦੇ ਕਰੀਬ ਗੱਟੇ ਦੀ ਅਜੇ ਬੋਲੀ ਲਗਾਈ ਜਾਣੀ ਹੈ। ਲਿਫਟਿੰਗ ਦਾ ਕੰਮ ਅਜੇ ਸ਼ੁਰੂ ਹੀ ਨਹੀਂ ਹੋਇਆ। ਕਟਾਈ ਦਾ ਜ਼ੋਰ ਪੈਣ ਕਰਕੇ ਅਗਲੇ ਦਿਨਾਂ 'ਚ ਮੰਡੀ ਵਿੱਚ ਕਣਕ ਦੀ ਆਮਦ ਵਧ ਜਾਣੀ ਹੈ। ਜੇਕਰ ਖਰੀਦ ਤੇ ਲਿਫਟਿੰਗ ਦੇ ਕੰਮ 'ਚ ਤੇਜ਼ੀ ਨਾ ਲਿਆਂਦੀ ਤਾਂ ਕਣਕ ਦੇ ਸੁੱਟਣ ਲਈ ਥਾਂ ਦੀ ਕਮੀ ਸਮੱਸਿਆ ਬਣ ਸਕਦੀ ਹੈ।

ਲਹਿਰਾ ਮੁਹੱਬਤ ਦੀ ਦਾਣਾ ਮੰਡੀ 'ਚ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ ਡਕੌਂਦਾ (ਧਨੇਰ) ਦੇ ਸੂਬਾ ਆਗੂ ਗੁਰਦੀਪ ਸਿੰਘ ਰਾਮਪੁਰਾ, ਸੁਖਚਰਨ ਸਿੰਘ ਤੇ ਹੋਰ।

'ਆਪ' ਸਰਕਾਰ 'ਤੇ ਸਖਤ ਸਵਾਲ ਪੁੱਛਣ ਕਾਰਨ ਚਰਨਜੀਤ ਚੰਨੀ ਨੂੰ ਨਿਸ਼ਾਨਾ ਬਣਾਇਆ ਜਾ ਰਿਹੈ : ਡਾ. ਅਮਰ ਸਿੰਘ

ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦਲਿਤ ਮੁੱਖ ਮੰਤਰੀ ਬਣਨ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਪਾਰਲੀਮੈਂਟ ਮੈਂਬਰ ਡਾ. ਅਮਰ ਸਿੰਘ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਾ ਮਕਸਦ ਸਿਰਫ਼ ਚੰਨੀ ਦੇ ਅਕਸ ਨੂੰ ਲੋਕਾਂ ਸਾਹਮਣੇ ਫ਼ਿੱਕਾ ਕਰਨਾ ਹੈ, ਕਿਉਂਕਿ ਤਿੰਨ ਮਹੀਨਿਆਂ ਦੀ ਚੰਨੀ ਸਰਕਾਰ ਨੇ ਜੋ ਲੋਕ ਭਲਾਈ ਕੰਮ ਕੀਤੇ ਸਨ, ਉਨ੍ਹਾਂ ਕਰਕੇ ਚੰਨੀ ਸਰਕਾਰ ਨੂੰ ਲੋਕ ਯਾਦ ਕਰਦੇ ਹਨ ਤੇ ਦੂਸਰੇ ਪਾਸੇ ਆਪ ਸਰਕਾਰ ਨੂੰ ਸੱਤਾ ਵਿੱਚ ਆਇਆਂ ਇੱਕ ਸਾਲ ਦਾ ਸਮਾਂ ਹੋ ਗਿਆ ਹੈ, ਆਪ ਸਰਕਾਰ ਚੋਣਾਂ ਸਮੇਂ ਜੋ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ, ਉਨ੍ਹਾਂ ਵਿੱਚੋਂ ਇੱਕ ਵੀ ਵਾਅਦਾ ਪੂਰਾ ਨਹੀਂ ਹੋਇਆ, ਜਿਸ 'ਤੇ ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਐੱਮ ਪੀ ਡਾ. ਅਮਰ ਸਿੰਘ ਨੇ ਕਿਹਾ ਕਿ ਜਲੰਧਰ 'ਚ ਸਾਬਕਾ ਮੁੱਖ ਮੰਤਰੀ ਚੰਨੀ ਵੱਲੋਂ ਪ੍ਰੈੱਸ ਕਾਨਫਰੰਸ 'ਚ ਆਪ ਸਰਕਾਰ ਨੂੰ 5 ਸਵਾਲ ਕੀਤੇ, ਜਿਸ ਤੋਂ ਬਾਅਦ ਵਿਜੀਲੈਂਸ ਦੀ ਤਰੀਕ ਨੂੰ ਬਦਲਿਆ ਗਿਆ, ਉਸ ਤੋਂ ਸਾਬਿਤ ਹੁੰਦਾ ਹੈ ਕਿ ਇਹ ਸਿਆਸੀ ਬਦਲਾ ਖੋਰੀ ਹੀ ਹੈ। ਡਾ. ਅਮਰ ਸਿੰਘ ਨੇ ਕਿਹਾ ਕਿ 'ਆਪ' ਜਲੰਧਰ ਜ਼ਿਮਨੀ ਚੋਣ ਹਾਰ ਰਹੀ ਹੈ। ਇਸ ਦੇ ਨੁਕਸਾਨ ਨੂੰ ਮਹਿਸੂਸ ਕਰਦੇ ਹੋਏ 'ਆਪ' ਸਰਕਾਰ ਨੇ ਸਾਬਕਾ ਮੁੱਖ ਮੰਤਰੀ 'ਤੇ ਦਬਾਅ ਬਣਾਉਣ ਦਾ ਸਹਾਰਾ ਲਿਆ ਤਾਂ ਜੋ ਉਹ ਜਲੰਧਰ ਜ਼ਿਮਨੀ ਚੋਣ ਵਿੱਚ ਸਰਗਰਮੀ ਨਾਲ ਪ੍ਰਚਾਰ ਨਾ ਕਰ ਸਕਣ। ਐੱਮ ਪੀ ਡਾ. ਅਮਰ ਸਿੰਘ ਨੇ ਅਖੀਰ ਵਿੱਚ ਕਿਹਾ ਕਿ ਸ਼ਾਇਦ 'ਆਪ' ਨੂੰ ਪਹਿਲਾਂ ਆਪਣੇ ਘਰ ਵਿੱਚ ਭ੍ਰਿਸ਼ਟਾਚਾਰ ਨੂੰ ਦੇਖਣਾ ਚਾਹੀਦਾ ਹੈ, ਕਿਉਂਕਿ ਦਿੱਲੀ ਵਿੱਚ ਆਪ ਸਰਕਾਰ ਦੇ ਦੋ ਮੰਤਰੀ ਜੇਲ੍ਹ ਵਿੱਚ ਹਨ, ਉੱਥੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੋਂ ਹੁਣ ਸੀ ਬੀ ਆਈ ਦੁਆਰਾ ਦਿੱਲੀ ਐਕਸਾਈਜ਼ ਘੁਟਾਲੇ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਹੈ।

ਚੱਕ ਅਲੀਸ਼ੇਰ 'ਚ ਪਾਵਰਕਾਮ ਮੁਲਾਜ਼ਮ ਦੀ ਬਿਜਲੀ ਠੀਕ ਕਰਦੇ ਸਮੇਂ ਮੌਤ

- ਪਰਵਾਰ ਨੇ ਜਥੇਬੰਦੀਆਂ ਨਾਲ ਮਿਲ ਕੇ ਬੋਹਾ ਰੋਡ 'ਤੇ ਲਾਇਆ ਧਰਨਾ
- ਕੰਪਨੀ ਤੇ ਵਿਭਾਗ ਤੋਂ ਬਣਦਾ ਮੁਆਵਜ਼ਾ ਤੇ ਹੋਰ ਲਾਭ ਜਲਦ ਦੇਣ ਦੀ ਕੀਤੀ ਮੰਗ

ਬੁੱਢਲਾਡਾ/ਬਰੇਟਾ (ਅਸ਼ੋਕ ਲਾਕੜਾ/ਗੋਬਿੰਦ ਸ਼ਰਮਾ)

ਬਰੇਟਾ ਨੇੜਲੇ ਪਿੰਡ ਗੋਬਿੰਦਪੁਰਾ ਦੇ ਰਹਿਣ ਵਾਲੇ ਬਿਜਲੀ ਮੁਲਾਜ਼ਮ ਕੁਲਦੀਪ ਸਿੰਘ ਪੁੱਤਰ ਭੋਲਾ ਸਿੰਘ ਦੀ ਪਿੰਡ ਚੱਕ ਅਲੀਸ਼ੇਰ ਵਿਖੇ ਖੰਭੇ 'ਤੇ ਚੜ੍ਹ ਕੇ ਬਿਜਲੀ ਠੀਕ ਕਰਦੇ ਸਮੇਂ ਮੌਤ ਹੋ ਗਈ ਸੀ, ਜਿਸ ਦੇ ਪਰਿਵਾਰ ਵਿੱਚ ਪਤਨੀ ਸੁਖਦੀਪ ਕੌਰ ਇੱਕ ਲੜਕਾ ਤੇ ਇੱਕ ਲੜਕੀ, ਜਿਸ ਦੇ ਪਰਿਵਾਰ ਨੂੰ ਵਿਭਾਗ ਤੇ ਕੰਪਨੀ ਵੱਲੋਂ ਨਿਯਮਾਂ ਅਨੁਸਾਰ ਬਣਦਾ ਮੁਆਵਜ਼ਾ ਤੇ ਹੋਰ ਲਾਭ ਦੇਣ ਬਾਰੇ ਕੋਈ ਵੀ ਗੱਲਬਾਤ ਨਹੀਂ ਕੀਤੀ ਗਈ, ਜਿਸ ਕਾਰਨ ਪਰਿਵਾਰ ਵੱਲੋਂ ਵੱਖ-ਵੱਖ ਜਥੇਬੰਦੀਆਂ ਨਾਲ ਮਿਲ ਕੇ ਬੁਢਲਾਡਾ-ਬੋਹਾ ਰੋਡ 'ਤੇ ਬਣੇ ਪੁਲ ਉੱਪਰ ਧਰਨਾ ਲਗਾ ਦਿੱਤਾ ਹੈ। ਧਰਨਾਕਾਰੀਆਂ ਦੀ ਮੰਗ ਹੈ ਕਿ ਮ੍ਰਿਤਕ ਨੌਜਵਾਨ ਕੁਲਦੀਪ ਸਿੰਘ ਦੇ ਪਰਿਵਾਰ ਨੂੰ ਵਿਭਾਗ ਤੇ ਕੰਪਨੀ ਨਿਯਮਾਂ ਅਨੁਸਾਰ ਬਣਦਾ ਮੁਆਵਜ਼ਾ ਤੇ ਹੋਰ ਲਾਭ ਤੁਰੰਤ ਮੁਹੱਈਆ ਕਰਵਾਏ ਤਾਂ ਜੋ ਪਰਿਵਾਰ ਆਪਣਾ ਗੁਜ਼ਾਰਾ ਕਰ ਸਕੇ। ਇਸ ਮੌਕੇ ਕੁਲਦੀਪ ਸਿੰਘ ਦੇ ਪਿਤਾ ਭੋਲਾ ਸਿੰਘ, ਮਾਤਾ ਮੈਥੋਂ ਕੌਰ, ਕੁਲਦੀਪ ਸਿੰਘ ਦੀ ਪਤਨੀ ਸੁਖਦੀਪ ਕੌਰ, ਖੇਤ ਮਜ਼ਦੂਰ ਆਗੂ ਬੰਬੂ ਸਿੰਘ, ਜ਼ਿਲ੍ਹਾ ਮੀਤ ਸਕੱਤਰ ਸੀ.ਪੀ.ਆਈ. ਕਾਮਰੇਡ ਸੀਤਾ ਰਾਮ ਗੋਬਿੰਦਪੁਰਾ, ਜੋਗਿੰਦਰ ਸਿੰਘ (ਉਗਰਾਹਾਂ), ਤਰਸੇਮ ਸਿੰਘ (ਸਿੱਧੂਪੁਰ), ਲਛਮਣ ਸਿੰਘ (ਡਕੌਂਦਾ), ਰਾਜੇਸ਼ ਕੁਮਾਰ (ਪਾਵਰਕਾਮ ਟਰਾਂਸਕੋ), ਸੂਬਾ ਜਨਰਲ ਸਕੱਤਰ, ਜਗਸੀਰ ਸਿੰਘ ਦੋਦੜਾ (ਉਗਰਾਹਾਂ) ਹਾਜ਼ਰ ਸਨ।

ਕਾਤਰਾਂ

ਟਰੱਕ ਤੇ ਸਕੂਟੀ ਦੀ ਟੱਕਰ 'ਚ ਇਕ ਦੀ ਮੌਤ

ਜਲਾਲਾਬਾਦ (ਜੀਤ ਕੁਮਾਰ)-ਸਥਾਨਕ ਸ੍ਰੀ ਮੁਕਤਸਰ ਸਾਹਿਬ ਸਰਕੂਲ ਰੋਡ 'ਤੇ ਸਥਿਤ ਬਾਹਮਣੀ ਚੁੰਗੀ ਚੌਕ ਨੇੜੇ ਟਰੱਕ ਤੇ ਸਕੂਟੀ ਦੀ ਟੱਕਰ ਹੋਣ ਨਾਲ ਇੱਕ ਵਿਅਕਤੀ ਦੀ ਦਰਦਨਾਕ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਟਰੱਕ ਦੇ ਚਾਲਕ ਵੱਲੋਂ ਐਕਟਿਵਾ ਸਕੂਟੀ 'ਤੇ ਸਵਾਰ ਵਿਅਕਤੀ ਉਪਰ ਟਰੱਕ ਚੜ੍ਹਾ ਦਿੱਤਾ ਗਿਆ। ਵਾਪਰੇ ਇਸ ਹਾਦਸੇ ਵਿੱਚ ਐਕਟਿਵਾ ਸਵਾਰ ਨਰਾਇਨ ਦਾਸ ਦਹੂਜਾ ਦੀ ਮੌਤ ਹੋ ਗਈ। ਇਸ ਹਾਦਸੇ ਦੀ ਜਾਣਕਾਰੀ ਮਿਲਣ 'ਤੇ ਡੀ ਐੱਸ ਪੀ ਅਤੁਲ ਸੋਨੀ ਤੇ ਥਾਣਾ ਸਿਟੀ ਦੇ ਪੁਲਸ ਕਰਮਚਾਰੀ ਮੌਕੇ 'ਤੇ ਪੁੱਜ ਗਏ, ਜਿਨ੍ਹਾਂ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ।

ਹੋਲੀ ਹਾਰਟ ਸਕੂਲ ਦੇ ਨਤੀਜੇ ਆਉਂਦੇ ਨੇ ਹਰ ਸਾਲ 100 ਪ੍ਰਤੀਸਤ-ਚੇਅਰਮੈਨ ਸੁਭਾਸ਼ ਪਲਤਾ

ਅਜੀਤਵਾਲ (ਨਛੱਤਰ ਸੰਧੂ)-ਅਜੀਤਵਾਲ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਵਿਖੇ 2023-24 ਸੈਸ਼ਨ ਦੀਆਂ ਨਰਸਰੀ ਤੋਂ ਬਾਰਵੀਂ ਤੱਕ ਦੀਆਂ ਕਲਾਸਾਂ ਦੇ ਦਾਖਲੇ ਸਫਲਤਾਪੂਰਵਕ ਚੱਲ ਰਹੇ ਹਨ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਕੂਲ ਦੇ ਚੇਅਰਮੈਨ ਸੁਭਾਸ਼ ਪਲਤਾ ਨੇ ਦੱਸਿਆ ਕਿ ਇਨ੍ਹਾਂ ਕਲਾਸਾਂ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਵਿੱਦਿਆ ਦੇ ਧਾਰਨੀ ਬਣਾ ਕੇ ਸਿੱਖ ਵਿਰਸੇ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਸਕੂਲ ਵਿੱਚ ਮਿਹਨਤੀ ਸਟਾਫ ਹੋਣ ਦੇ ਨਾਲ ਸਾਰੀਆਂ ਕਲਾਸਾਂ ਦੇ ਨਤੀਜੇ ਹਰ ਸਾਲ 100 ਪ੍ਰਤੀਸ਼ਤ ਆਉਂਦੇ ਹਨ। ਸਕੂਲ ਵਿੱਚ ਵਧੀਆ ਲੈਬ, ਕੰਪਿਊਟਰ, ਗਣਿਤ, ਸਮਾਜਿਕ, ਸਾਇੰਸ ਤੇ ਸੰਗੀਤਕ ਲਾਇਬ੍ਰੇਰੀ ਦਾ ਖਾਸ ਪ੍ਰਬੰਧ ਹੈ। ਇਸ ਤੋਂ ਇਲਾਵਾ ਖੇਡਾਂ ਦੇ ਵਧੀਆ ਗਰਾਊਂਡ ਤੇ ਕੋਚਿੰਗ ਕਾਰਨ ਵਿਦਿਆਰਥੀ ਦੂਰ-ਦੂਰ ਤੱਕ ਖੇਡਾਂ ਵਿੱਚ ਮੱਲਾਂ ਮਾਰ ਚੁੱਕੇ ਹਨ। ਅਖੀਰ ਵਿੱਚ ਉਨ੍ਹਾ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਇਸ ਸਕੂਲ ਵਿੱਚ ਦਾਖਲਾ ਜ਼ਰੂਰ ਕਰਵਾਉਣ।

ਡਾ.ਬੀ.ਆਰ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

ਬਾਘਾ ਪੁਰਾਣਾ (ਮਨੀ ਸਿਗਲਾ)-ਨਿਊ ਵਾਲਮੀਕ ਸਭਾ, ਸਫ਼ਾਈ ਸੈਨਿਕ ਯੂਨੀਅਨ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ ਅੰਬੇਡਕਰ ਦਾ 132ਵਾਂ ਜਨਮ ਦਿਨ ਧੂਮ-ਧਾਮ ਨਾਲ਼ ਮਨਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਚੇਨੂੰ ਵਾਲਾ ਚੌਂਕ ਵਿਖੇ ਡਾ. ਬੀ.ਆਰ ਅੰਬੇਡਕਰ ਜੀ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਤੇ ਬਾਬਾ ਸਾਹਿਬ ਜੀ ਦੇ ਜੀਵਨ 'ਤੇ ਚਾਨਣਾ ਪਾਇਆ।
ਵਾਲਮੀਕ ਸਭਾ ਵੱਲੋਂ ਵਿਧਾਇਕ ਸੁਖਾਨੰਦ ਨੂੰ ਸਨਮਾਨਤ ਕੀਤਾ ਗਿਆ। ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਲੋਕਾਂ ਨੂੰ ਅੰਬੇਡਕਰ ਜੈਯੰਤੀ ਅਤੇ ਵਿਸਾਖੀ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਲਈ ਸੰਵਿਧਾਨ ਵਿੱਚ ਜੋ ਅਧਿਕਾਰ ਦਿੱਤੇ ਹਨ, ਉਸ ਨਾਲ ਉਹ ਇਕ ਮਹਾਨਾਵ ਦੇ ਰੂਪ ਵਿੱਚ ਉਭਰੇ ਹਨ। ਵਿਧਾਇਕ ਸੁਖਾਨੰਦ ਨੇ ਕਿਹਾ ਕਿ ਡਾ. ਅੰਬੇਡਕਰ ਵੱਲੋਂ ਲਿਖੇ ਸੰਵਿਧਾਨ ਅਨੁਸਾਰ ਚੱਲਦੇ ਹੋਏ ਭਾਰਤ ਨੇ ਏਨੀ ਤਰੱਕੀ ਕੀਤੀ ਹੈ। ਸਾਨੂੰ ਆਉਣਾ ਦੀਆਂ ਸਿੱਖਿਆਵਾਂ ਅਨੁਸਾਰ ਚੱਲਣਾ ਚਾਹੀਦਾ ਹੈ। ਉਨ੍ਹਾਂ ਸੰਵਿਧਾਨ ਵਿੱਚ ਸਾਰਿਆਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਹਨ। ਇਸ ਮੌਕੇ ਗੁਲਰਾਜ, ਡਾ.ਬੀ.ਆਰਮ ਪ੍ਰਕਾਸ਼, ਬੱਬੀ, ਸੋਨੂੰ, ਰਾਮ, ਕਮਲ, ਮਦਨ ਕਾਕਾ, ਰਿਕੂ, ਸੰਜੀਵ ਕੁਮਾਰ, ਅਕਾਸ਼ ਕੁਮਾਰ, ਬੁੱਧ ਰਾਮ, ਦਲੀਪ ਕੁਮਾਰ, ਮਦਨ ਦਾਸ ਤੇ ਹੋਰ ਸ਼ਾਮਲ ਸਨ।

ਕੋਆਰਡੀਨੇਸ਼ਨ ਕਮੇਟੀ ਨੇ ਲੋੜਵੰਦ ਪਰਵਾਰ ਨੂੰ ਲੈ ਕੇ ਦਿੱਤਾ ਘਰ

- ਅਸੀਂ ਕਦੇ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਸਾਡਾ ਆਪਣਾ ਘਰ ਹੋਵੇਗਾ ਤੇ ਸਾਡੇ ਘਰ ਗੁਰੂ ਮਹਾਰਾਜ ਦੇ ਚਰਨ ਪੈਣਗੇ : ਕਿਰਨ, ਪ੍ਰਿੰਸ

ਮੋਗਾ (ਅਮਰਜੀਤ ਬੱਬਰੀ)-ਅਸੀਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਸਾਡਾ ਵੀ ਕਦੇ ਆਪਣਾ ਘਰ ਹੋਵੇਗਾ ਤੇ ਸਾਡੇ ਘਰ ਗੁਰੂ ਮਹਾਰਾਜ ਦੇ ਚਰਨ ਪੈਣਗੇ ਤੇ ਲੋਕ ਸਾਨੂੰ ਵਧਾਈਆਂ ਦੇਣਗੇ। ਅੱਖਾਂ ਵਿੱਚ ਹੰਝੂ ਭਰ ਕੇ ਸਮਾਜ ਸੇਵੀ ਲੋਕਾਂ ਦਾ ਵਾਰ ਵਾਰ ਧੰਨਵਾਦ ਕਰਦੀ ਵਿਧਵਾ ਮਾਂ ਕਿਰਨ ਤੇ ਉਸ ਦਾ ਬੇਟਾ ਪ੍ਰਿੰਸ ਸਿਰ 'ਤੇ ਛੱਤ ਮਹਿਸੂਸ ਕਰਕੇ ਖੁਸ਼ੀ ਨਾਲ ਖੀਵੇ ਹੋ ਰਹੇ ਸਨ। ਜ਼ਿਕਰਯੋਗ ਹੈ ਕਿ ਅੱਜ ਤੋਂ ਚਾਰ ਮਹੀਨੇ ਪਹਿਲਾਂ ਅੱਤ ਦੀ ਸਰਦੀ ਵਿੱਚ ਨੰਗੇ ਪੈਰੀਂ ਟ੍ਰਾਈਸਾਈਕਲ 'ਤੇ ਜ਼ੁਰਾਬਾਂ ਵੇਚ ਰਹੇ ਮਾਂ-ਪੁੱਤ ਦੀ ਖਬਰ ਵਾਇਰਲ ਹੋਈ ਸੀ, ਜਿਸ ਨੂੰ ਦੇਖ ਕੇ ਜ਼ਿਲ੍ਹਾ ਐੱਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ ਦੇ ਚੇਅਰਮੈਨ ਮਹਿੰਦਰ ਪਾਲ ਲੂੰਬਾ ਤੇ ਪ੍ਰਧਾਨ ਗੁਰਸੇਵਕ ਸਿੰਘ ਸੰਨਿਆਸੀ ਨੇ ਲਾਲ ਸਿੰਘ ਰੋਡ ਮੋਗਾ ਸਥਿਤ ਉਨ੍ਹਾਂ ਦੇ ਘਰ ਗਏ।

ਉਨ੍ਹਾਂ ਦੇਖਿਆ ਕਿ ਛੋਟੇ ਜਿਹੇ ਕਮਰੇ ਦੀ ਛੱਤ ਜਗ੍ਹਾ ਜਗ੍ਹਾ ਤੋਂ ਚੋਅ ਰਹੀ ਸੀ ਤੇ ਕਿਸੇ ਵੇਲੇ ਵੀ ਡਿੱਗ ਸਕਦੀ ਸੀ। ਉਹੀ ਕਮਰਾ ਉਨ੍ਹਾਂ ਵੱਲੋਂ ਬੈੱਡਰੂਮ, ਬਾਥਰੂਮ ਤੇ ਕਿਚਨ ਵਜੋਂ ਵਰਤਿਆ ਜਾ ਰਿਹਾ ਸੀ। ਇਨ੍ਹਾਂ ਮਾੜੇ ਹਾਲਤਾਂ ਨੂੰ ਵੇਖ ਕੇ ਸਮਾਜ ਸੇਵੀਆਂ ਨੇ ਇਨ੍ਹਾਂ ਨੂੰ ਇੱਕ ਛੋਟਾ ਜਿਹਾ ਮਕਾਨ ਲੈ ਕੇ ਦੇਣ ਦੀ ਸੇਵਾ ਵਿੱਢ ਦਿੱਤੀ ਤੇ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਪੋਸਟ ਪਾਈ, ਜਿਸ ਨੂੰ ਵੇਖ ਕੇ ਵਿੰਨੀਪੈਗ ਕੈਨੇਡਾ ਦੀ ਸੰਗਤ ਨੇ ਰਾਇ ਵਰਿੰਦਰ ਸਿੰਘ ਤੂਰ ਦੇ ਰਾਹੀਂ ਇੱਕ ਲੱਖ ਇਕਾਹਟ ਹਜ਼ਾਰ ਰੁਪਏ ਭੇਜੇ ਤੇ ਬਹੁਤ ਸਾਰੇ ਹੋਰ ਵੀ ਦੇਸ਼ ਵਿਦੇਸ਼ ਤੋਂ ਦਾਨੀ ਸੱਜਣਾਂ ਨੇ ਇਸ ਵਿੱਚ ਆਪਣਾ ਸਹਿਯੋਗ ਪਾਇਆ। ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸੰਸ

18-April-PAGE-11-Majha-2023.qxd 4/17/2023 10:43 PM Page 1

'ਵੈਲਿਊ ਕੱਟ' ਨੂੰ ਸਰਕਾਰ ਤੁਰੰਤ ਵਾਪਿਸ ਲਵੇ, ਖਰਾਬੇ ਦਾ ਯੋਗ ਮੁਆਵਜ਼ਾ ਦੇਵੇ: ਕਿਸਾਨ ਆਗੂ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਕਿਸਾਨਾਂ ਦਾ ਇੱਕ ਵਫਦ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਡੀਸੀ ਮਾਣਯੋਗ ਰਿਸ਼ੀਪਾਲ ਸਿੰਘ ਨੂੰ ਮਿਲਿਆ। ਉਨਾਂ ਨਾਲ ਦਿਆਲ ਸਿੰਘ ਮੀਆਂਵਿੰਡ, ਇਕਬਾਲ ਸਿੰਘ ਵੜਿੰਗ, ਸਵਰਨ ਸਿੰਘ ਹਰੀਕੇ, ਬਲਜੀਤ ਸਿੰਘ ਝਬਾਲ, ਕੁਲਵੰਤ ਸਿੰਘ ਭੈਲ, ਪ੍ਰਿੰਸੀਪਲ ਨਵਤੇਜ ਸਿੰਘ ਏਕਲ ਗੱਡਾ ਨੇ ਕਿਸਾਨਾਂ ਦੀਆਂ ਮੁਸਕਿਲਾਂ ਸਬੰਧਤ ਮੰਗ ਪੱਤਰ ਦਿੰਦਿਆਂ ਮੰਗ ਕੀਤੀ ਕਿ ਬੇਮੌਸਮੀ ਬਾਰਿਸ਼ ਨਾਲ ਜੋ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਕਿਸਾਨਾਂ ਨੇ ਮੰਗ ਪੱਤਰ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਕਣਕ ਦੀ ਫਸਲ ਉੱਤੇ ਲਾਏ ਵੈਲਿਊ ਕੱਟ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਇਸ ਨੂੰ ਤਰੁੰਤ ਵਾਪਿਸ ਲਿਆ ਜਾਵੇ। ਅਤੇ ਬਿਨਾ ਸਰਤ ਕਣਕ ਦੀ ਸਰਕਾਰੀ ਖਰੀਦ ਕੀਤੀ ਜਾਵੇ ਅਤੇ ਖਰਾਬ ਹੋਈ ਕਣਕ ਦੀ ਫਸਲ ਸਮੇਤ ਸਾਰੀਆਂ ਫਸਲਾਂ ਦਾ 50,000 ਰੁਪਏ ਪ੍ਰਤੀ ਏਕੜ ਮੁਆਵਜਾ ਤਰੁੰਤ ਦਿੱਤਾ ਜਾਵੇ। ਕਿਸਾਨ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਇਸ ਮਸਲੇ ਵੱਲ ਧਿਆਨ ਨਾ ਦਿੱਤਾ ਤਾਂ 23 ਅਪ੍ਰੈਲ ਨੂੰ 2 ਦਿਨਾਂ ਲਈ ਪੰਜਾਬ ਭਰ ਵਿੱਚ ਰੇਲਾਂ ਦਾ ਚੱਕਾਂ ਜਾਮ ਕੀਤਾ ਜਾਵੇਗਾ ਅਤੇ ਲੋੜ ਪੈਣ ਤੇ ਇਸ ਨੂੰ ਹੋਰ ਅੱਗੇ ਵੀ ਵਧਾਇਆ ਜਾ ਸਕਦਾ ਹੈ ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ। ਕਿਸਾਨ ਆਗੂਆਂ ਨੇ ਮੰਗ ਪੱਤਰ ਵਿੱਚ ਕਿਹਾ ਕਿ ਦਿੱਲੀ ਸਰਕਾਰ ਦੀ ਤਰਜ ਉੱਤੇ ਡਾਕਟਰ ਸਵਾਮੀਨਾਥਨ ਕਮਿਸਨ ਦੀ ਰਿਪੋਰਟ ਅਨੁਸਾਰ 2 ਸੀ ਫਾਰਮੂਲੇ ਮੁਤਾਬਿਕ ਲਾਗਤ ਖਰਚਿਆਂ ਵਿੱਚ 50 ਮੁਨਾਫਾ ਜੋੜ ਕੇ 2675 ਰੁਪਏ ਪ੍ਰਤੀ ਕੁਇੰਟਲ ਕਣਕ ਦਾ ਭਾਅ ਦਿੱਤਾ ਜਾਵੇ। ਪੰਜਾਬ ਵਿੱਚ ਬੀਜੀਆਂ ਜਾਣ ਵਾਲੀਆਂ ਸਾਰੀਆਂ ਫਸਲਾਂ ਦੀ ਖਰੀਦ ਦਾ ਗਾਰੰਟੀ ਕਾਨੂੰਨ ਬਣਾਇਆ ਜਾਵੇ। ਸਰਕਾਰੀ ਤੇ ਨਿੱਜੀ ਬੈਂਕਾ ਵਿੱਚ ਕਿਸਾਨਾਂ ਮਜਦੂਰਾਂ ਦੀਆਂ ਕਿਸਤਾਂ 1 ਸਾਲ ਅੱਗੇ ਪਾਈਆਂ ਜਾਣ। ਸਾਰੇ ਕਰਜੇ ਦਾ ਇੱਕ ਸਾਲ ਦਾ ਵਿਆਜ ਖਤਮ ਕੀਤਾ ਜਾਵੇ। ਕਿਸਾਨਾਂ ਮਜਦੂਰਾਂ ਦਾ ਸਮੁੱਚਾ ਕਰਜਾ ਕਾਰਪੋਰੇਟ ਘਰਾਣਿਆਂ ਦੀ ਤਰਜ ਤੇ ਮੁਆਫ ਕੀਤਾ ਜਾਵੇ। ਆਗੂਆਂ ਨੇ ਅੱਗੇ ਮੰਗ ਕਰਦਿਆਂ ਕਿਹਾ ਕਿ ਭਾਰੀ ਬਰਸਾਤ ਨਾਲ ਫਸਲਾਂ ਤਬਾਹ ਹੋਣ ਕਾਰਣ ਖੇਤ ਮਜ਼ਦੂਰਾਂ ਨੂੰ ਰੁਜ਼ਗਾਰ ਨਹੀ ਮਿਲਿਆ, ਇਸ ਲਈ ਖੇਤ ਮਜ਼ਦੂਰਾਂ ਵੱਲੋਂ ਫਸਲ ਸੰਭਾਲਣ ਦੇ ਸੀਜਨ ਵਿੱਚ ਕੀਤੀ ਜਾਣ ਵਾਲੀ ਕਮਾਈ ਦਾ 50 ਮੁਆਵਜ਼ਾ ਪੰਜਾਬ ਸਰਕਾਰ ਵੱਲੋਂ ਦਿੱਤਾ ਜਾਵੇ। ਪਸੂ ਧੰਨ ਨੂੰ ਬਚਾਉਣ ਲਈ ਕਣਕ ਦੀ ਫਸਲ ਤੋ ਬਨਣ ਵਾਲੀ ਤੂੜੀ (ਸੁੱਕਾ ਚਾਰਾ) ਮਿੱਲਾਂ ਵੱਲੋਂ ਖਰੀਦਣ ਉੱਤੇ ਪੰਜਾਬ ਸਰਕਾਰ ਤਰੁੰਤ ਪਾਬੰਦੀ ਲਾਵੇ। ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਦਿਆਂ ਪੰਜਾਬ ਵਿੱਚ ਬਣ ਰਹੇ ਦਰਜਨਾਂ ਸਾਈਲੋ ਗੋਦਾਮਾਂ ਦੀ ਪਰਵਾਨਗੀ ਰੱਦ ਕੀਤਾ ਜਾਵੇ, ਤੇ ਇਹਨਾਂ ਦਾ ਕੰਮ ਰੋਕਿਆ ਜਾਵੇ। 6 ਜ਼ਿਲਿਆਂ ਵਿੱਚ ਬਣੇ 8 ਸਾਈਲੋ ਗੋਦਾਮਾਂ ਨੂੰ ਨਿੱਜੀ ਮੰਡੀਆਂ ਐਲਾਨਨ ਦਾ ਫੈਸਲਾ ਵਾਪਸ ਲਿਆ ਜਾਵੇ, ਅਤੇ ਏ, ਪੀ, ਐੱਮ, ਸੀ ਐਕਟ ਵਿੱਚ ਨਿੱਜੀ ਮੰਡੀਆਂ ਖੋਲਣ ਵਾਲੀ ਸੋਧ ਰੱਦ ਕੀਤੀ ਜਾਵੇ। ਪੰਜਾਬ ਸਰਕਾਰ ਦੁਆਰਾ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਕਿਸਾਨ ਆਗੂਆਂ ਨਾਲ ਮੀਟਿੰਗ ਕਰ ਕੇ ਸਾਰੇ ਮਸਲੇ ਹੱਲ ਕਰਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਕੱਲਾ, ਬਲਜੀਤ ਸਿੰਘ ਘਸੀਟਪੁਰਾ, ਲਖਵਿੰਦਰ ਸਿੰਘ ਘਸੀਟਪੁਰਾ, ਵੀਰ ਸਿੰਘ ਕੋਟ, ਜਸਬੀਰ ਸਿੰਘ ਕੋਟ, ਅਮਰੀਕ ਸਿੰਘ ਝਬਾਲ, ਗੁਰਭੇਜ ਸਿੰਘ ਕੋਟ, ਗੁਰਵਿੰਦਰ ਸਿੰਘ ਕੋਟਲੀ, ਗੁਲਜ਼ਾਰ ਸਿੰਘ ਮੀਆਂਵਿੰਡ, ਗੁਰਪਿੰਦਰਜੀਤ ਸਿੰਘ, ਕਸ਼ਮੀਰ ਸਿੰਘ, ਵਿੱਕੀ ਮੀਆਂਵਿੰਡ, ਸਤਨਾਮ ਸਿੰਘ ਹਰੀਕੇ, ਹਰਪ੍ਰੀਤ ਸਿੰਘ ਭੁੱਚਰ, ਕੁਲਜੀਤ ਸਿੰਘ ਛੀਨਾ, ਮੰਗਲ ਸਿੰਘ ਭੁੱਚਰ, ਲਖਵਿੰਦਰ ਸਿੰਘ ਗੰਡੀਵਿੰਡ, ਪਰਮਜੀਤ ਸਿੰਘ ਛੀਨਾ, ਕੁਲਵੰਤ ਸਿੰਘ ਢੋਟੀਆਂ, ਜਸਬੀਰ ਸਿੰਘ ਢੋਟੀਆਂ, ਰਘਬੀਰ ਸਿੰਘ ਢੋਟੀਆਂ, ਕਸ਼ਮੀਰ ਸਿੰਘ, ਦਿਲਬਾਗ ਸਿੰਘ, ਜੋਬਨਪਰੀਤ ਸਿੰਘ ਆਦਿ ਆਗੂ ਹਾਜ਼ਰ ਸਨ।

ਕਿਸਾਨਾਂ ਨੂੰ ਮੰਡੀਆਂ 'ਚ ਕੋਈ ਵੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ: ਲਾਲਪੁਰਾ

ਚੋਹਲਾ ਸਾਹਿਬ (ਰਮਨ ਕੁਮਾਰ ਚੱਢਾ)-ਹਲਕਾ ਖਡੂਰ ਸਾਹਿਬ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਹਲਕੇ ਦੀਆਂ ਵੱਖ-ਵੱਖ ਸਰਕਾਰੀ ਅਨਾਜ ਮੰਡੀਆਂ ਵਿੱਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ ਜਾ ਰਹੀ ਹੈ, ਜਿਨ੍ਹਾਂ ਵਿਚ ਗੋਇੰਦਵਾਲ ਸਾਹਿਬ, ਫਤਹਿਆਬਾਦ ਅੰਦਰਲੀ ਮੰਡੀ, ਫਤਹਿਆਂਬਾਦ ਬਾਹਰਲੀ ਮੰਡੀ, ਖਡੂਰ ਸਾਹਿਬ ਆਦਿ ਵਿੱਚ ਕੱਲ੍ਹ ਕਣਕ ਦੀ ਖਰੀਦ ਸ਼ੁਰੂ ਕਰਵਾ ਦਿੱਤੀ ਗਈ, ਉਥੇ ਹੀ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਸ੍ਰ ਮਨਜਿੰਦਰ ਸਿੰਘ ਲਾਲਪੁਰਾ ਦੇ ਨਿਰਦੇਸ਼ਾਂ ਅਨੁਸਾਰ ਉਨ੍ਹਾਂ ਦੀ ਸੱਜੀ ਬਾਂਹ ਅਤੇ ਬਹੁਤ ਖਾਸ ਭਰੋਸੇਯੋਗ ਨੌਜਵਾਨ ਨੇਤਾ ਅਤੇ ਪਿੰਡ ਚੋਹਲਾ ਸਾਹਿਬ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਿਜਲੀ ਇੰਚਾਰਜ ਚੇਅਰਮੈਨ ਦਇਆ ਸਿੰਘ ਵੱਲੋਂ ਪਿੰਡ ਚੋਹਲਾ ਸਾਹਿਬ ਦੀ ਅਨਾਜ ਮੰਡੀ ਵਿੱਚ ਸਰਕਾਰੀ ਅਧਿਕਾਰੀਆਂ ਨਾਲ ਕਣਕ ਦੀ ਖਰੀਦ ਸ਼ੁਰੂ ਕਰਵਾਈ ਗਈ।

ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਨੇ ਕਿਹਾ ਕਿ ਉਹ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਧੰਨਵਾਦੀ ਹਨ ਜਿਨ੍ਹਾਂ ਦੇ ਕਹਿਣ 'ਤੇ ਹੀ ਅਤੇ ਸਹਿਯੋਗ ਅਤੇ ਅਸ਼ੀਰਵਾਦ ਨਾਲ ਮੈਂ ਮੰਡੀ ਵਿੱਚ ਕਣਕ ਦੀ ਖਰੀਦ ਸ਼ੁਰੂ ਕਰਵਾ ਸਕਿਆ। ਇਸ ਮੌਕੇ ਪਨਗ੍ਰੇਨ ਇੰਸਪੈਕਟਰ ਹਰਪ੍ਰੀਤ ਸਿੰਘ, ਪਨਗ੍ਰੇਨ ਇੰਸਪੈਕਟਰ ਰਣਧੀਰ ਸਿੰਘ , ਇੰਦਰਜੀਤ ਸਿੰਘ ਕਰਮੂੰਵਾਲਾ, ਸੁਰਜੀਤ ਸਿੰਘ ਆੜ੍ਹਤੀ, ਆਸ਼ੂ ਨੌਸ਼ਹਿਰਾ ਪਨੂੰਆਂ, ਇੰਸਪੈਕਟਰ ਸਮਸੇਰ ਸਿੰਘ ਮਾਰਕਫੈੱਡ, ਇੰਸਪੈਕਟਰ ਮਨਦੀਪ ਸਿੰਘ ਮਾਰਕਫੈੱਡ, ਮਨਜੋਬਨਜੀਤ ਸਿੰਘ ਆੜ੍ਹਤੀ, ਗਗਨਦੀਪ ਸਿੰਘ ਆੜ੍ਹਤੀ, ਮਲੂਕ ਸਿੰਘ ਪ੍ਰਧਾਨ, ਪਰਮਜੀਤ ਜੋਸੀ ਆੜ੍ਹਤੀ, ਫਤਿਹ ਸਿੰਘ ਆੜ੍ਹਤੀ, ਸਤਨਾਮ ਸਿੰਘ, ਰਾਕੇਸ਼ ਕੁਮਾਰ ਬਿੱਲਾ, ਸਾਧੂ ਸਿੰਘ ਪ੍ਰਧਾਨ, ਗੁਰਨਾਮ ਸਿੰਘ ਮਾਸਟਰ, ਦਲਬੀਰ ਸਿੰਘ, ਹਰਜਿੰਦਰ ਸਿੰਘ ਆੜ੍ਹਤੀ, ਸੁਖਦੇਵ ਸਿੰਘ, ਮੁਨੀਮ ਪ੍ਰਦੀਪ ਕੁਮਾਰ, ਬਬਲੂ ਮੁਨੀਮ, ਸੋਨੂੰ ਮੁਨੀਮ, ਡਾਕਟਰ ਇੰਦਰਜੀਤ ਸਿੰਘ ਪ੍ਰੈੱਸ ਸਕੱਤਰ ਆਦਿ ਪਤਵੰਤੇ ਸੱਜਣ ਹਾਜ਼ਰ ਸਨ।

ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੰਮ੍ਰਿਤਬੀਰ ਸਿੰਘ ਜ਼ਿਲ੍ਹੇ ਦਾ ਯੂਥ ਆਇਕਾਨ ਨਿਯੁਕਤ

ਡੇਰਾ ਬਾਬਾ ਨਾਨਕ/ਗੁਰਦਾਸਪੁਰ (ਰਮੇਸ਼ ਸ਼ਰਮਾ, ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਉਮਰਾਵਾਲ ਦੇ 20 ਸਾਲਾ ਨੌਜਵਾਨ ਅੰਮ੍ਰਿਤਬੀਰ ਸਿੰਘ ਨੇ ਇੱਕ ਮਿੰਟ ਵਿੱਚ 52 ਸੁਪਰਮੈਨ ਪੁਸ਼ਅਪ ਕਰਕੇ ਲਿਮਕਾ ਬੁੱਕ ਆਫ਼ ਰਿਕਾਰਡ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਆਪਣੇ ਪਿੰਡ, ਜ਼ਿਲ੍ਹੇ ਅਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਅੰਮ੍ਰਿਤਬੀਰ ਸਿੰਘ ਇਸ ਤੋਂ ਪਹਿਲਾਂ ਉਂਗਲਾਂ ਦੇ ਸਹਾਰੇ ਇੱਕ ਮਿੰਟ ਵਿੱਚ 45 ਪੁਸ਼ਅਪ ਲਗਾ ਕੇ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਵੀ ਆਪਣਾ ਰਿਕਾਰਡ ਦਰਜ ਕਰਾ ਚੁੱਕਾ ਹੈ।

ਨੌਜਵਾਨਾਂ ਲਈ ਪ੍ਰੇਰਨਾ ਸ੍ਰੋਤ ਬਣੇ ਇਸ ਨੌਜਵਾਨ ਅੰਮ੍ਰਿਤਬੀਰ ਸਿੰਘ ਨੂੰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਆਪਣੇ ਦਫ਼ਤਰ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਨਾਲ ਹੀ ਇਸ ਮਾਣਮੱਤੀ ਪ੍ਰਾਪਤੀ ਲਈ ਉਸਨੂੰ ਮੁਬਾਰਕਬਾਦ ਦਿੱਤੀ ਗਈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੰਮ੍ਰਿਤਬੀਰ ਸਿੰਘ ਨੂੰ ਜ਼ਿਲ੍ਹੇ ਦਾ ਯੂਥ ਆਇਕਾਨ ਨਿਯੁਕਤ ਕਰਦਿਆਂ ਕਿਹਾ ਕਿ ਅੰਮ੍ਰਿਤਬੀਰ ਸਿੰਘ ਬਾਕੀ ਨੌਜਵਾਨਾਂ ਲਈ ਵੀ ਪ੍ਰੇਰਨਾ ਸ੍ਰੋਤ ਬਣੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਬੀਰ ਸਿੰਘ ਨੇ ਆਪਣੀ ਫਿਟਨੈਸ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਗੱਭਰੂ ਅੱਜ ਵੀ ਕਿਸੇ ਤੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਬੀਰ ਸਿੰਘ ਤੋਂ ਪ੍ਰੇਰਨਾ ਲੈ ਕੇ ਹੋਰ ਨੌਜਵਾਨ ਵੀ ਆਪਣੀ ਸਿਹਤ ਵੱਲ ਧਿਆਨ ਦੇ ਕੇ ਸਿਹਤਮੰਦ, ਰੰਗਲਾ ਤੇ ਖੁਸ਼ਹਾਲ ਪੰਜਾਬ ਸਿਰਜਣ ਵਿੱਚ ਆਪਣਾ ਯੋਗਦਾਨ ਪਾਉਣਗੇ। ਉਨ੍ਹਾਂ ਨੇ ਅੰਮ੍ਰਿਤਬੀਰ ਸਿੰਘ ਦੇ ਰੌਸ਼ਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਆਪਣੇ ਬਾਰੇ ਜਾਣਕਾਰੀ ਦਿੰਦਿਆਂ ਅੰਮ੍ਰਿਤਬੀਰ ਸਿੰਘ ਨੇ ਦੱਸਿਆ ਕਿ ਉਸਦਾ ਪਿੰਡ ਉਮਰਵਾਲਾ, ਡੇਰਾ ਬਾਬਾ ਨਾਨਕ-ਬਟਾਲਾ ਰੋਡ 'ਤੇ ਸਥਿਤ ਹੈ ਅਤੇ ਇਸ ਸਮੇਂ ਉਹ ਖ਼ਾਲਸਾ ਕਾਲਜ ਅਮ੍ਰਿਤਸਰ ਵਿਖੇ ਬੀ.ਏ. ਭਾਗ ਤੀਸਰਾ ਦਾ ਵਿਦਿਆਰਥੀ ਹੈ। ਅੰਮ੍ਰਿਤਬੀਰ ਸਿੰਘ ਦੱਸਦਾ ਹੈ ਕਿ ਉਸਨੇ 12ਵੀਂ ਜਮਾਤ ਵਿੱਚ ਪੜ੍ਹਦਿਆਂ ਉਸਨੇ ਆਪਣੀ ਫਿਟਨੈਸ ਉੱਪਰ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਉਸਨੇ ਕਦੀ ਵੀ ਜਿੰਮ ਜੁਆਇਨ ਨਹੀਂ ਕੀਤਾ ਅਤੇ ਉਹ ਆਪਣੇ ਘਰ ਹੀ ਡੰਡ-ਬੈਠਕਾਂ ਮਾਰ ਕੇ ਅਭਿਆਸ ਕਰਦਾ ਹੈ। ਇਸ ਲਈ ਉਸਦੇ ਪਿਤਾ ਸ. ਨਿਸ਼ਾਨ ਸਿੰਘ ਅਤੇ ਮਾਤਾ ਸ੍ਰੀਮਤੀ ਸਿਮਰਜੀਤ ਕੌਰ ਨੇ ਵੀ ਉਸਨੂੰ ਪੂਰਾ ਉਤਸ਼ਾਹਤ ਕਰਦੇ ਹਨ।

ਅੰਮ੍ਰਿਤਬੀਰ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਉਸਨੇ ਉਂਗਲਾਂ ਦੇ ਸਹਾਰੇ ਇੱਕ ਮਿੰਟ ਵਿੱਚ 45 ਪੁਸ਼ਅਪ ਕਰਕੇ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਬਣਾਇਆ ਸੀ। ਇਸਤੋਂ ਬਾਅਦ ਉਸਨੇ ਇੱਕ ਮਿੰਟ ਵਿੱਚ 52 ਸੁਪਰਮੈਨ ਪੁਸ਼ਅਪ ਕਰਕੇ ਲਿਮਕਾ ਬੁੱਕ ਆਫ ਰਿਕਾਡਰਸ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ। ਸੋਸ਼ਲ ਮੀਡੀਆ ਉਪਰ ਵੀ ਅੰਮ੍ਰਿਤਬੀਰ ਸਿੰਘ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਲੱਖਾਂ ਵਿੱਚ ਹੈ ਅਤੇ ਉਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚ ਕੇ ਆਪਣੀ ਸਿਹਤ ਬਣਾਉਣ ਵੱਲ ਧਿਆਨ ਦੇਣ ਲਈ ਪ੍ਰੇਰਿਤ ਕਰ ਰਿਹਾ ਹੈ।

ਉਸਨੇ ਕਿਹਾ ਕਿ ਉਹ ਜ਼ਿਲ੍ਹਾ ਗੁਰਦਾਸਪੁਰ ਦਾ ਯੂਥ ਆਈਕਨ ਬਣਕੇ ਨੌਜਵਾਨਾਂ ਨੂੰ ਆਪਣੀ ਸਿਹਤ ਵੱਲ ਧਿਆਨ ਦੇਣ ਲਈ ਹੋਰ ਵੀ ਪ੍ਰੇਰਿਤ ਕਰੇਗਾ। ਇਸ ਮੌਕੇ ਉਸ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦਾ ਇਸ ਹੱਲਾਸ਼ੇਰੀ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ (ਮਾਣੋਚਾਹਲ ਇਕਾਈ) ਦੀ ਮੀਟਿੰਗ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪਿੰਡ ਇਕਾਈ ਮਾਣੋਚਾਹਲ ਦੀ 15 ਦਿਨਾਂ ਵਾਲੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਨੇ ਕਿਹਾ ਕਿ ਜਥੇਬੰਦਕ ਢਾਂਚੇ ਨੂੰ ਤੇ ਪਿੰਡ ਇਕਾਈ ਨੂੰ ਮਜ਼ਬੂਤ ਕਰਨ ਲਈ ਤੇ ਨਸ਼ੇ ਦੀ ਲਾਹਣਤ ਨੂੰ ਖਤਮ ਕਰਨ ਲਈ ਪਿੰਡ ਪੱਧਰੀ ਮੀਟਿੰਗਾਂ ਸ਼ੁਰੂ ਹਨ। ਬਾਬਾ ਜੋਗੀ ਪੀਰ ਦੇ ਅਸਥਾਨ ਤੇ ਕਿਸਾਨਾਂ ਮਜ਼ਦੂਰਾਂ ਬੀਬੀਆਂ ਨੇ ਮੀਟਿੰਗ ਵਿੱਚ ਬੋਲਦਿਆਂ ਕਿਹਾ ਕਿ ਬਦਲਾਅ ਵਾਲੀ ਭਗਵੰਤ ਸਿੰਘ ਮਾਨ ਦੀ ਸਰਕਾਰ ਦੁਜੀਆਂ ਸਰਕਾਰਾਂ ਵਾਂਗ ਝੂਠ ਦੇ ਸਹਾਰੇ ਦਿਨ ਕੱਟ ਰਹੀ ਹੈ। ਬੇਰੁਜ਼ਗਾਰੀ ਕਰਕੇ ਨੌਜਵਾਨ ਵਿਦੇਸ਼ ਜਾ ਰਹੇ ਹਨ। ਦਫਤਰਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਕਰਜ਼ੇ ਕਾਰਨ ਕਿਸਾਨ ਖੁਦਕੁਸ਼ੀਆਂ ਕਰ ਰਹੇ ਨੇ।

ਕਿਸਾਨਾਂ ਨੂੰ ਕੁਦਰਤ ਨੇ ਮਾਰਿਆ ਤੇ ਬੇਮੌਸਮੀ ਬਰਸਾਤ ਕਾਰਨ ਕਣਕ ਖਰਾਬ ਹੋ ਗਈ, ਉਪਰੋਂ ਸਰਕਾਰ ਨੇ 21 ਰੁਪੈ 10 ਪੈਸੇ ਕੱਟ ਲਗਾ ਦਿਤਾ।

ਕਿਸਾਨ ਜਥੇਬੰਦੀ ਦੀ ਸਰਕਾਰ ਤੋਂ ਮੰਗ ਹੈ ਕਿ ਕੁਦਰਤ ਦੀ ਮਾਰ ਨੂੰ ਵੇਖ ਕੇ ਕਿਸਾਨਾਂ ਮਜ਼ਦੂਰਾਂ ਦਾ ਕਰਜ਼ਾ ਖਤਮ ਕੀਤਾ ਜਾਵੇ। ਇਸ ਮੌਕੇ ਬਲਵਿੰਦਰ ਸਿੰਘ, ਸਕੱਤਰ ਸਿੰਘ, ਸੁਖਦੇਵ ਸਿੰਘ, ਬੀਬੀ ਰਾਜਵਿੰਦਰ ਕੌਰ, ਕਸ਼ਮੀਰ ਕੌਰ, ਸੁਖਵੰਤ ਕੌਰ, ਮੰਗਲ ਕੌਰ, ਹਰਜੀਤ ਕੌਰ, ਸੁਖਵਿੰਦਰ ਕੌਰ, ਹਰਦੀਪ ਸਿੰਘ, ਬਲਦੇਵ ਸਿੰਘ, ਸੁਖਰਾਜ ਸਿੰਘ, ਜੱਸਾ ਸਿੰਘ, ਪ੍ਰਕਾਸ਼ ਸਿੰਘ, ਵਰਿਆਮ ਸਿੰਘ, ਪ੍ਰਗਟ ਸਿੰਘ, ਪਿਆਰਾ ਸਿੰਘ, ਹਰਦਿਆਲ ਸਿੰਘ, ਜੋਗਿੰਦਰ ਸਿੰਘ, ਸਵਰਨ ਸਿੰਘ ਹਾਜ਼ਰ ਸਨ।

ਸੰਤ ਬਾਬਾ ਮਾਨ ਸਿੰਘ ਪਿਹੋਵੇ ਵਾਲਿਆਂ ਨੂੰ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਸ਼ਰਧਾਂਜਲੀ ਭੇਟ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਗੁ: ਸੱਚਖੰਡ ਈਸ਼ਰ ਦਰਬਾਰ ਜੁਰਾਸੀ ਪਿਹੋਵਾ ਹਰਿਆਣਾ ਵਿਖੇ ਸੱਤ ਬਾਬਾ ਮਾਨ ਸਿੰਘ ਪਿਹੋਵੇ ਵਾਲਿਆਂ ਦੀ ਅੰਤਿਮ ਅਰਦਾਸ ਦੇ

18-April-PAGE-12.qxd 4/17/2023 10:51 PM Page 1

ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਦੀਵਾਨ ਸਜਾਏ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਪਿੰਡ ਮਾਣਕਰਾਏ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਸੁੰਦਰ ਦੀਵਾਨ ਸਜਾਏ ਗਏ। ਜਿਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰਤ ਦੀਵਾਨ ਸਜਾਏ ਗਏ। ਦੀਵਾਨਾਂ ਵਿੱਚ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਲਖਬੀਰ ਸਿੰਘ ਨੇ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਿਆ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਮੌਕੇ ਪਿੰਡ ਦੀਆਂ ਸਮੂਹ ਸੰਗਤਾਂ ਹੁੰਮਹੁਮਾ ਕੇ ਗੁਰਦੁਆਰਾ ਸਾਹਿਬ ਪਹੁੰਚੀਆਂ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਬਾਬਾ ਸਾਹਿਬ ਦਾ ਜਨਮ ਦਿਹਾੜਾ ਮਨਾਇਆ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)– ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਪਿੰਡ ਚੱਕ ਸ਼ਕੂਰ ਦੀ ਸਮੁੱਚੀ ਸੰਗਤ ਵਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪਰਮਵੀਰ ਪੱਮਾ ਵਲੋਂ ਜਾਣਕਾਰੀ ਦਿੱਤੀ ਗਈ ਕਿ ਸ ਸਮਾਗਮ ਵਿੱਚ ਬਹੁਤ ਸਾਰੀਆਂ ਸਮਾਜਿਕ ਧਾਰਮਿਕ ਅਤੇ ਰਾਜਨੀਤਕ ਸ਼ਖਸੀਅਤਾਂ ਨੇ ਪਹੁੰਚ ਕੇ ਬਾਬਾ ਸਾਹਿਬ ਦੇ ਜੀਵਨ 'ਤੇ ਰੋਸ਼ਨੀ ਪਾਈ.। ਸੰਗੀਤਕ ਪਾਰਟੀਆਂ ਵਲੋਂ ਸ਼ਬਦ ਗਾਇਨ ਕੀਤੇ ਗਏ। ਉਪਰੰਤ ਇਸ ਪ੍ਰੋਗਰਾਮ ਵਿਚ ਪ੍ਰਸ਼ੋਤਮ ਲਾਲ ਅਹੀਰ ਸਯੁੰਕਤ ਸਮਾਜ ਮੋਰਚਾ,ਕੰਵਰ ਜਗਵੀਰ ਸਿੱਧੂ ਗੜਸ਼ੰਕਰ, ਐਡਵੋਕੇਟ ਹਨੀ ਅਜਾਦ, ਰਾਕੇਸ਼ ਬੱਗਾ ਬੀ.ਐੱਸ.ਪੀ., ਅਨਿਲ ਕੁਮਾਰ ਬਾਹਗਾ ਅੰਬੇਡਕਰ ਫੋਰਸ,ਸਨੀ ਜੱਸਲ, ਸੁਖਵਿੰਦਰ ਕੋਟਲੀ ਐੱਮ.ਐੱਲ.ਏ., ਕਸ਼ਮੀਰ ਸਿੰਘ ਬਾਹਲਾ, ਪ੍ਰਦੀਪ ਸਿੰਘ ਲੁਹਾਰਾ, ਗੁਰਵਿੰਦਰ ਸਿੰਘ ਸਗਰਾ ਵਾਲੀ, ਲਲਿਤ ਅੰਬੇਡਕਰ,ਪ੍ਰੇਮ ਜੋੜਾ,ਬੀਬਾ ਮਜਰਾਬ ਸਨੋਰਾ, ਜਰਨੈਲ ਸਿੰਘ ਬਾਜਵਨ ਜਥੇਦਾਰ , ਰਣਧੀਰ ਸਿੰਘ ਰੰਧਾਵਾ, ਸੁਰਜੀਤ ਸਿੰਘ ਸੋਢੀ, ਅਵਤਾਰ ਸਿੰਘ ਸਰਪੰਚ ਆਦਿ ਨੇ ਹਾਜਰੀ ਭਰੀ।

ਬੀਬੀ ਮਾਨ ਨੇ 'ਆਪ' ਦੇ ਚੋਣ ਦਫਤਰ ਦਾ ਕੀਤਾ ਉਦਘਾਟਨ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਜ਼ਿਲ੍ਹਾ ਜਲੰਧਰ ਦੀ ਲੋਕ ਸਭਾ ਜ਼ਿਮਨੀ ਚੋਣ ਲਈ 'ਆਪ' ਵਲੋਂ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਪ੍ਰਚਾਰ ਲਈ ਨੂਰਮਹਿਲ ਵਿਖੇ ਪਾਰਟੀ ਦਾ ਦਫਤਰ ਖੋਲ੍ਹਿਆ ਗਿਆ, ਜਿਸ ਦਾ ਉਦਘਾਟਨ ਬੀਬੀ ਇੰਦਰਜੀਤ ਕੌਰ ਮਾਨ ਵਿਧਾਨ ਸਭਾ ਹਲਕਾ ਨਕੋਦਰ ਨੇ ਰਿਬਨ ਕੱਟ ਕੇ ਕੀਤਾ। ਲਖਵੀਰ ਸਿੰਘ ਰਾਏ ਐਮ.ਐਲ.ਏ ਫਹਿਤਗੜ੍ਹ ਸਾਹਿਬ ਅਤੇ ਜੱਸੀ ਸੋਹੀਆਂ ਵਾਲੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਕਰਨੈਲ ਬਾਲੂ ਬਲਾਕ ਪ੍ਰਧਾਨ ਨੂਰਮਹਿਲ , ਮਨਜੀਤ ਸਿੰਘ ਕੰਦੋਲਾ ਨੰਬਰਦਾਰ ਅਤੇ ਸੀਨੀਅਰ ਆਪ ਆਗੂ , ਮੈਡਮ ਨਰਿੰਦਰ ਕੌਰ ਸੀਨੀਅਰ ਆਪ ਆਗੂ ਨੂਰਮਹਿਲ , ਭੁਪਿੰਦਰ ਸਿੰਘ ਭੰਡਾਲ ਉਰਫ ਭਿੰਦਾ , ਬੂਟਾ ਸਿੰਘ , ਸ਼ਾਮ ਮਿੱਤੂ , ਕਵਲਜੀਤ ਸਿੰਘ ਡੱਲਾ , ਨਰਿੰਦਰ ਕੌਰ ਸਰਪੰਚ ਪਿੰਡ ਡੱਲਾ , ਸੁਮੀਰ ਨਈਅਰ ਉਰਫ ਮਿੰਟੂ , ਸੰਦੀਪ ਬਤਰਾ , ਡਾ. ਰਣਜੀਤ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਸੈਂਕੜੇ ਵਰਕਰ ਹਾਜ਼ਰ ਸਨ।

ਟਰੱਕ ਤੇ ਟਰੈਕਟਰ-ਟਰਾਲੀ ਦੀ ਟੱਕਰ 'ਚ ਨੌਜਵਾਨ ਦੀ ਮੌਤ

ਦਸੂਹਾ (ਲਵਜੀਤ ਸਿੰਘ)-ਇਥੇ ਟਰੱਕ ਤੇ ਟਰਾਲੀ ਦੀ ਭਿਆਨਕ ਟੱਕਰ ਵਿਚ ਇੱਕ ਨੌਜੁਆਨ ਦੀ ਮੌਤ ਹੋ ਗਈ ਅਤੇ ਦੋ ਜਖਮੀ ਹੋ ਗਏ। ਇਹ ਹਾਦਸਾ ਉਸ ਵਕਤ ਹੋਇਆ ਜਦੋਂ ਸ੍ਰੀ ਆਨੰਦਪੁਰ ਸਾਹਿਬ ਤੋਂ ਵਿਸਾਖੀ ਦੇਖ ਕੇ ਵਾਪਸ ਆ ਰਹੇ ਟਰੈਕਟਰ ਟਰਾਲੀ ਵਿੱਚ ਇੱਕ ਟਰੱਕ ਆ ਕੇ ਟਕਰਾ ਗਿਆ। ਜਦੋਂ ਟਰਾਲੀ ਵਾਲਿਆ ਨੇ ਰੰਧਾਵਾ ਮਿੱਲ ਕਰਾਸ ਕੀਤੀ ਤਾਂ ਪੈਟਰੋਲ ਪੰਪ ਤੋਂ ਪਿੱਛੇ ਟਰਾਲੀ ਟਰੈਕਟਰ ਨੂੰ ਟਰੱਕ ਨੇ ਪਿੱਛੋਂ ਟੱਕਰ ਮਾਰੀ। ਇਕ ਨੌਜੁਆਨ ਨਵਦੀਪ ਸਿੰਘ ਦੀ ਮੌਤ ਹੋ ਗਈ। ਟਰੱਕ ਡਰਾਈਵਰ ਮੌਕੇ ਤੋਂ ਦੌੜ ਗਿਆ। ਪਰਵਾਰ ਨੇ ਇੰਨਸਾਫ ਦੀ ਮੰਗ ਕੀਤੀ ਹੈ। ਦਸੂਹਾ ਪੁਲਸ ਨੇ ਕੇਸ ਰਜਿਸਟਰ ਕਰ ਲਿਆ ਹੈ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮਾਰਸ਼ਲ ਵੱਲੋਂ ਨਸ਼ੇ ਦੇ ਵੱਧ ਰਹੇ ਰੁਝਾਨ ਬਾਰੇ ਚਿੰਤਾ

ਦਸੂਹਾ (ਲਵਜੀਤ ਸਿੰਘ)- ਇਥੇ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਜਿੰਦਰ ਸਿੰਘ ਮਾਰਸ਼ਲ ਨੇ ਇਲਾਕੇ ਵਿੱਚ ਨਸ਼ੇ ਦੇ ਵੱਧ ਰਹੇ ਰੁਝਾਨ ਬਾਰੇ ਚਿੰਤਾ ਪ੍ਰਗਟ ਕੀਤੀ। ਉਹਨਾਂ ਨੇ ਕਿਹਾ ਕਿ ਇਹ ਚਿੰਤਾ ਦਾ ਵਿਸ਼ਾ ਹੈ ਕਿ ਨਸ਼ੇ ਨੂੰ ਠੱਲ ਨਹੀਂ ਪਾਈ ਜਾ ਰਹੀ ਤੇ ਪਿੰਡ ਵਿੱਚ ਸ਼ਰੇਆਮ ਨਸ਼ੇ ਦਾ ਵਿਉਪਾਰ ਕੀਤਾ ਜਾ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਇਹ ਸੱਭ ਕੁਝ ਪ੍ਰਭਾਵਸ਼ਾਲੀ ਲੋਕਾਂ ਦੀ ਸ਼ਹਿ ਕਰਕੇ ਹੋ ਰਿਹਾ ਹੈ। ਦਸੂਹਾ ਡਵੀਜ਼ਨ ਦੇ ਹਰ ਪਿੰਡ ਵਿੱਚ ਨਸ਼ੇ ਦਾ ਵਾਪਾਰ ਸ਼ਰੇਆਮ ਹੋ ਰਿਹਾ ਹੈ। ਅੱਜਕੱਲ੍ਹ ਪਿੰਡਾਂ ਵਿੱਚ ਸਕੂਲ ਘੱਟ ਅਤੇ ਸ਼ਰਾਬ ਦੇ ਠੇਕੇ ਜਿਆਦਾ ਹਨ। ਜੁਆਨੀ ਦਾ ਘਾਣ ਹੋ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਆਪ ਸਰਕਾਰ ਵੱਲੋਂ ਨਸ਼ਾ ਤਸਕਰਾਂ ਨਾਲ ਸਖਤਾਈ ਨਾਲ ਨਿਬੜਿਆ ਜਾਵੇਗਾ।

ਝੰਡੇਰਾਂ ਵਿਖੇ ਰੱਤੂ ਜਠੇਰਿਆਂ ਦੇ ਅਸਥਾਨ 'ਤੇ ਵਿਸਾਖੀ ਮੇਲਾ ਮਨਾਇਆ

ਬਹਿਰਾਮ (ਅਵਤਾਰ ਕਲੇਰ)-ਬਾਬਾ ਡੋਗਰ ਪੀਰ , ਬਾਬਾ ਜਾਹਰ ਪੀਰ , ਬਾਬਾ ਸੋਲਬਰਾਹ ਰੱਤੂ ਜਠੇਰਿਆਂ ਦੇ ਅਸਥਾਨ ਝੰਡੇਰਾਂ ਵਿਖੇ ਸਾਲਾਨਾ ਵਿਸਾਖੀ ਜੋੜ ਮੇਲਾ ਸਮੂਹ ਰੱਤੂ ਪਰਵਾਰਾਂ , ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਮਨਾਇਆ ਗਿਆ । ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਉਪਰੰਤ ਸਟੇਜ ਸਜਾਈ ਗਈ । ਪੰਜਾਬ ਦੇ ਮਸ਼ਹੂਰ ਕਲਾਕਾਰਾਂ ਨੇ ਧਾਰਮਿਕ ਪ੍ਰੋਗਰਾਮ ਪੇਸ ਕੀਤਾ । ਇਸ ਧਾਰਮਿਕ ਸਮਾਗਮ ਵਿੱਚ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਦੇ ਪਤਨੀ ਅਨੀਤਾ ਸੋਮ ਪ੍ਰਕਾਸ਼ ਵਿਸੇਸ ਤੌਰ 'ਤੇ ਪਹੁੰਚੇ । ਉਹਨਾਂ ਸੰਬੋਧਨ ਕਰਦਿਆਂ ਕਿਹਾ ਕਿ ਮੇਲੇ ਭਾਈਚਾਰਕ ਸਾਂਝ ਬਣਾਉਂਦੇ ਹਨ ਸਾਨੂੰ ਬਜੁਰਗਾਂ ਦੀ ਯਾਦ 'ਚ ਮੇਲੇ ਉਤਸ਼ਾਹ ਨਾਲ ਮਨਾਉਂਣੇ ਚਾਹੀਦੇ ਹਨ। ਇਸ ਮੌਕੇ ਪ੍ਰੋਮਿਲਾ ਦੇਵੀ ਸਰਪੰਚ ਝੰਡੇਰ ਕਲਾਂ , ਪਰਗਣ ਸਿੰਘ ਸਾਬਕਾ ਸਰਪੰਚ , ਗਿਆਨ ਚੰਦ , ਇਰਵਨ ਰੱਤੂ , ਆਤਮਾ ਸਿੰਘ , ਮੇਜਰ ਸਿੰਘ , ਪਿਆਰਾ ਰਾਮ ਨੰਬਰਦਾਰ , ਜਸਵਿੰਦਰ ਸਿੰਘ , ਕੁਲਵਿੰਦਰ ਕੌਰ , ਜਗੀਰ ਕੌਰ , ਡਾ. ਰਾਮ ਪ੍ਰਕਾਸ਼ , ਡਾ ਸਤਿੰਦਰ ਝੰਡੇਰ , ਸ਼ਿੰਗਾਰਾ ਸਿੰਘ , ਸੇਵਾ ਸਿੰਘ ਉਦੇਸੀਆ , ਸੁਖਦੀਪ ਸਿੰਘ , ਹਰਮੇਸ਼ ਲਾਲ ਸਰਪੰਚ ਨਿਰੰਗਸਾਹਪੁਰ ਆਦਿ ਹਾਜਰ ਸਨ ।

ਟਿੱਪਰ, ਘੋੜੇ-ਟਰਾਲੇ ਰਾਤ ਨੂੰ 6 ਵਜੇ ਤੋਂ ਸਵੇਰ ਦੇ 6 ਵਜੇ ਤੱਕ ਚਲਾਏ ਜਾਣ

ਮਾਹਿਲਪੁਰ (ਸਫਰੀ)-ਪਿੰਡ ਸ਼ਾਹਪੁਰ, ਦੁਗਰੀ ਪਿੰਡਾਂ ਵਿੱਚ ਭਰਵੀਆਂ ਮੀਟਿੰਗਾਂ ਸਰਵਜੀਤ ਸਿੰਘ ਪੂੰਨੀ,ਜੀਤ ਸਿੰਘ ਥਾਂਦੀ ਦੀ ਪ੍ਰਧਾਨਗੀ ਹੇਠ ਕੀਤੀਆਂ ਗਈਆਂ। ਇਨ੍ਹਾਂ ਮੀਟਿਗਾਂ ਨੂੰ ਦਰਸ਼ਨ ਸਿੰਘ ਮੱਟੂ ਸੂਬਾਈ ਕਨਵੀਨਰ ਕੰਢੀ ਸੰਘਰਸ਼ ਕਮੇਟੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੜਸ਼ੰਕਰ ਨੰਗਲ ਰੋਡ ਜੰਗੀ ਪੱਧਰ 'ਤੇ ਬਣਾਉਣ ਅਤੇ ਟਿੱਪਰ, ਘੋੜੇ-ਟਰਾਲੇ ਸ਼ਾਮ 6 ਵਜੇ ਤੋਂ ਸਵੇਰੇ 6 ਵਜੇ ਤੱਕ ਚਲਾਉਣ ਲਈ 29 ਅਪ੍ਰੈਲ 2023 ਨੂੰ ਟਰੱਕ ਯੂਨੀਅਨ ਗੜਸ਼ੰਕਰ ਨਜਦੀਕ ਸਵੇਰੇ 10 ਵਜੇ ਵਿਸ਼ਾਲ ਧਰਨਾ 'ਤੇ ਰੋਡ ਜਾਮ ਕੀਤਾ ਜਾਵੇਗਾ। ਸਤਵਿੰਦਰ ਸਿੰਘ ਸ਼ਾਹ ਪੁਰ,ਰਾਜ ਕੁਮਾਰ ਸਰਪੰਚ ਦੁਗਰੀ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਟਰੱਕ ਯੂਨੀਅਨ ਗੜਸ਼ੰਕਰ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਸਤਨਾਮ ਸਿੰਘ, ਮਹਿੰਦਰ ਕੁਮਾਰ, ਸਰਜੀਵਨ ਸਿੰਘ, ਜਗੀਰ ਸਿੰਘ, ਮੋਤੀ ਸਿੰਘ ਦਰਸ਼ਨ ਸਿੰਘ ਜਸਵੀਰ ਸਿੰਘ,ਬਰਹੱਮ ਦੇਵ ,ਮਨਜੀਤ ਸਿੰਘ, ਪਰਮਜੀਤ ਸਿੰਘ, ਹਰਵਿੰਦਰ ਸਿੰਘ, ਅਜੀਤ ਸਿੰਘ ਥਾਂਦੀ,ਗੋਪਾਲ ਸਿੰਘ ਥਾਂਦੀ, ਜਸਵਿੰਦਰ ਸਿੰਘ, ਤਰਸੇਮ ਲਾਲ, ਬਲਵਿੰਦਰ ਸਿੰਘ, ਵਿਜੈ ਕੁਮਾਰ, ਕੁਲਵਿੰਦਰ ਸਿੰਘ, ਉਂਕਾਰ ਸਿੰਘ, ਰਾਵਿੰਦਰ ਕੁਮਾਰ, ਅਜੈ ਕੁਮਾਰ, ਨਰਿੰਦਰ ਸਿੰਘ ਆਦਿ ਹਾਜਰ ਸਨ।

ਸੀਟੀ ਗਰੁੱਪ ਨੇ ਵਾਓ ਈਵੈਂਟ ਨਾਲ ਦਿੱਤਾ ਤੰਦਰੁਸਤੀ ਦਾ ਸੰਦੇਸ਼

ਜਲੰਧਰ (ਸ਼ੈਲੀ ਐਲਬਰਟ)-ਸਿਹਤਮੰਦ ਜੀਵਨ ਅਤੇ ਤੰਦਰੁਸਤੀ ਦੇ ਸੰਦੇਸ਼ ਨੂੰ ਅੱਗੇ ਵਧਾਉਂਦੇ ਹੋਏ, ਸੀਟੀ ਗਰੁੱਪ ਆਫ ਇੰਸਟੀਚਿਊਸਨਜ ਨੇ ਜਲੰਧਰ ਪੁਲਸ ਕਮਿਸ਼ਨਰੇਟ ਅਤੇ ਰਾਜਨ ਸਿਆਲ ਦੇ ਪਰਿੰਦੇ ਦੇ ਸਹਿਯੋਗ ਨਾਲ ਮਾਡਲ ਟਾਊਨ ਦੀਆਂ ਖੁੱਲ੍ਹੀਆਂ ਗਲੀਆਂ ਵਿੱਚ ਵੀਕੈਂਡ ਆਫ ਵੈਲਨੈਸ (ਵਾਓ) ਦਾ ਆਯੋਜਨ ਕੀਤਾ। ਇਸ ਮੌਕੇ ਮਹਿਮਾਨ ਸੀਟੀ ਗਰੁੱਪ ਦੀ ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ, ਮੈਨੇਜਿੰਗ ਡਾਇਰੈਕਟਰ ਡਾਕਟਰ ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਮੌਜੂਦ ਸਨ। ਵੱਖ -ਵੱਖ ਉਮਰ ਦੇ ਬਾਰਾਂ ਦੇ ਲੋਕਾਂ ਨੇ ਇਸ ਗਾਲਾ ਫਿਟਨੈਸ ਇਵੈਂਟ ਵਿੱਚ ਹਿੱਸਾ ਲਿਆ, ਜਿਸ ਵਿੱਚ ਉਨ੍ਹਾਂ ਨੇ ਟ੍ਰੈਫਿਕ ਫਰੀ ਜੋਨ ਵਿੱਚ ਸਮਕਾਲੀ ਡਾਂਸ ਮੂਵਜ ਅਤੇ ਪੰਪਿੰਗ ਵਰਕਆਉਟ ਵਿੱਚ ਹਿੱਸਾ ਲਿਆ। ਮਾਡਲ ਟਾਊਨ ਦੀਆਂ ਸੜਕਾਂ ਨੂੰ ਸਵੇਰੇ 6 ਵਜੇ ਤੋਂ ਸਵੇਰੇ 9 ਵਜੇ ਤੱਕ ਨਾਗਰਿਕਾਂ ਲਈ ਘੇਰਿਆ ਗਿਆ ਸੀ। ਉਨ੍ਹਾਂ ਨੇ ਮਨੋਰੰਜਨ ਲਈ ਸੜਕਾਂ ਦੀ ਵਰਤੋਂ ਕੀਤੀ ਜੋ ਸਿਹਤ, ਤੰਦਰੁਸਤੀ, ਤੰਦਰੁਸਤੀ, ਏਕਤਾ ਅਤੇ ਅਨੰਦ ਨੂੰ ਉਤਸ਼ਾਹਤ ਕਰਦੀ ਹੈ। ਵਸਨੀਕਾਂ ਨੇ ਆਪਣੀਆਂ ਸੜਕਾਂ ਨੂੰ ਓਪਨ-ਏਅਰ ਡਾਂਸ ਸਟੂਡੀਓ, ਆਰਟ ਹੱਬ, ਜਿਮਨੇਜੀਅਮ ਅਤੇ ਯੋਗਾ ਆਦਿ ਕਰਵਾਇਆ ਗਿਆ। (ਫੋਟੋ ਨਾਲ ਨੱਥੀ)

ਕਾਰ ਦੀ ਫੇਟ ਵੱਜਣ ਨਾਲ ਮੋਟਰਸਾਈਕਲ ਸਵਾਰ ਗੰਭੀਰ ਜ਼ਖ਼ਮੀ

ਅਲਾਵਲਪੁਰ (ਮਦਨ ਬੰਗੜ)-ਰਾਤ ਸਮੇਂ ਅਲਾਵਲਪੁਰ=ਆਦਮਪੁਰ ਮਾਰਗ 'ਤੇ ਸਥਿਤ ਮੁਹੱਲਾ ਨਵੀਂ ਪੁਰ 'ਚ ਕਾਰ ਦੀ ਫੇਟ ਵੱਜਣ ਨਾਲ ਮੋਟਰਸਾਈਕਲ ਸਵਾਰ ਦੇ ਜਖਮੀ ਹੋਣ ਦਾ ਸਮਾਚਾਰ ਹੈ। ਰਾਤ 8:15 ਵਜੇ ਦੇ ਕਰੀਬ ਮੁਹੱਲਾ ਨਬੀਪੁਰ ਵਿਖੇ ਇਕ ਬਾਈਕ ਸਵਾਰ ਨੂੰ ਕਾਰ ਚਾਲਕ ਨੇ ਪਿੱਛੇ ਤੋਂ ਫੇਟ ਮਾਰ ਦਿੱਤੀ, ਜਿਸ ਤੋਂ ਬਾਅਦ ਬਾਈਕ ਸਵਾਰ ਸੜਕ ਕਿਨਾਰੇ ਰੱਖੇ ਹੋਏ ਪਾਈਪ ਨਾਲ ਟਕਰਾ ਕੇ ਗੰਭੀਰ ਰੂਪ 'ਚ ਜਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਆਦਮਪੁਰ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਪਰ ਗੰਭੀਰ ਹਾਲਤ ਨੂੰ ਦੇਖਦਿਆਂ ਜਲੰਧਰ ਰੈਫਰ ਕਰ ਦਿੱਤਾ ਗਿਆ। ਜਖਮੀ ਦੀ ਪਛਾਣ ਪਿੰਡ ਜਗਰਾਵਾਂ ਦੇ ਰਹਿਣ ਵਾਲੇ ਮਨੋਜ ਕੁਮਾਰ ਵਜੋਂ ਹੋਈ ਹੈ, ਜੋ ਕੰਮ ਤੋਂ ਆਪਣੇ ਘਰ ਪਰਤ ਰਿਹਾ ਸੀ। ਟੱਕਰ ਮਾਰਨ ਵਾਲਾ ਕਾਰ ਚਾਲਕ ਮੌਕੇ ਤੋਂ ਕਾਰ ਸਮੇਤ ਫਰਾਰ ਹੋ ਗਿਆ।

ਵਿੱਦਿਅਕ ਸੈਸ਼ਨ ਦੀ ਆਰੰਭਤਾ ਮੌਕੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਆਰੰਭਤਾ ਬਾਣੀ ਦਾ ਓਟ ਆਸਰਾ ਲੈਂਦਿਆਂ ਕੀਤੀ ਗਈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਜਾਪ ਕਰਵਾਏ ਗਏ, ਭੋਗ ਉਪਰੰਤ ਵਿਦਿਆਰਥੀਆਂ ਅਤੇ ਸਮੁੱਚੇ ਸਟਾਫ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ ਅਤੇ ਨਿਰਦੇਸ਼ਕਾ ਸ੍ਰੀਮਤੀ ਸ਼ਿੰਦਰਪਾਲ ਕੌਰ ਅਟਵਾਲ ਨੇ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਨੂੰ ਨਵੇਂ ਵਿੱਦਿਅਕ ਵਰ੍ਹੇ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਮਿਹਨਤ ਅਤੇ ਇਮਾਨਦਾਰੀ ਨਾਲ ਕੀਤੀ ਪੜ੍ਹਾਈ ਹੀ ਵਿਦਿਆਰਥੀ ਨੂੰ ਗੁਣੀ ਇਨਸਾਨ ਬਣਾਉਂਦੀ ਹੈ। ਇਸ ਮੌਕੇ ਸਕੂਲ ਦੇ ਪ੍ਰਬੰਧਕ ਸੁਰਜੀਤ ਸਿੰਘ, ਪ੍ਰਿੰਸੀਪਲ ਸ੍ਰੀਮਤੀ ਅਨੁਰਾਧਾ ਧੀਮਾਨ, ਸਕੂਲ ਦੇ ਮੈਨੇਜਰ ਮੈਡਮ ਪ੍ਰੀਤਪਾਲ ਕੌਰ ਅਟਵਾਲ , ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

ਪੋਲ ਖੋਲ੍ਹ ਰੈਲੀਆਂ ਲੋਕਾਂ 'ਚ ਚੇਤਨਾ ਪੈਦਾ ਕਰਨਗੀਆਂ : ਐਸੋਸੀਏਸ਼ਨ

ਜਲੰਧਰ (ਰਾਜੇਸ਼ ਥਾਪਾ)— ਹਾਇਰ ਐਜੂਕੇਸ਼ਨ ਇੰਸਟੀਚਿਊਟ ਇੰਪਲਾਈਜ਼ ਐਸੋਸੀਏਸ਼ਨ ਪੰਜਾਬ ਦੀ ਲੀਡਰਸ਼ਿੱਪ ਵੱਲੋਂ ਇਥੇ ਪ੍ਰੈਸ ਕਾਨਫਰੰਸ ਕੀਤੀ ਗਈ, ਜਿਸ ਵਿਚ ਜਥੇਬੰਦੀ ਦੇ ਪ੍ਰਧਾਨ ਪ੍ਰੋ. ਹੇਮੰਤ ਵਾਟਸ ਨੇ ਦੱਸਿਆ ਕਿ ਜਲੰਧਰ ਜ਼ਿਮਨੀ ਲੋਕ ਸਭਾ ਦੀ ਚੋਣ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਇਸ ਝੂਠੀ ਸਰਕਾਰ ਤੋਂ ਜਾਗਰੂਕ ਕਰਨ ਲਈ ਪੋਲ ਖੋਲ੍ਹ ਰੈਲੀਆਂ ਕੀਤੀਆਂ ਜਾਣਗੀਆਂ ਤਾਂ ਜੋ ਉਹ ਹਲਕੇ ਦੇ ਲੋਕਾਂ ਨੂੰ ਜਾਣੂ ਕਰਵਾ ਸਕਣ ਕਿ ਮੌਜੂਦਾ ਪੰਜਾਬ ਸਰਕਾਰ ਉਚੇਰੀ ਸਿੱਖਿਆ ਪ੍ਰਤੀ ਸੰਜੀਦਾ ਨਹੀਂ ਹੈ। ਪੋਲ ਖੋਲ੍ਹ ਰੈਲੀਆਂ ਵਿਚ ਪੰਜਾਬ ਦੇ ਸਰਕਾਰੀ ਕਾਲਜਾਂ ਦੇ ਪ੍ਰੋਫੈਸਰ, ਨਾਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀ ਜਥੇਬੰਦੀਆਂ ਹਿੱਸਾ ਲ